ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸੋਮਵਾਰ, 9 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੭, ੨੬ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਪੰਜਾਬ ਸਰਕਾਰ ਵੱਲੋਂ 2,60,437 ਕਰੋੜ ਰੁਪਏ ਦਾ ਬਜਟ ਪੇਸ਼

# ਚਾਰ ਸਾਲ ਬਾਅਦ 'ਆਪ' ਵੱਲੋਂ ਔਰਤਾਂ ਨੂੰ 1000 ਰੁਪਏ ਦੇਣ ਦਾ ਐਲਾਨ

**ਚੰਡੀਗੜ੍ਹ, 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਪੰਜਾਬ ਦੀਆਂ ਔਰਤਾਂ ਨਾਲ ਕੀਤਾ ਇਕ ਵੱਡਾ ਵਾਅਦਾ ਚਾਰ ਸਾਲਾਂ ਬਾਅਦ ਪੂਰਾ ਕਰਦਿਆਂ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਹੈ। ਹਾਲਾਂਕਿ ਇਸ ਸਕੀਮ ਦੇ ਲਾਭਪਾਤਰੀਆਂ ਲਈ ਕੁੱਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਜਿਸ ਵਿਚ ਆਖਿਆ ਗਿਆ ਹੈ ਕਿ ਸਾਰੀਆਂ ਔਰਤਾਂ ਇਸ ਸਕੀਮ ਦਾ ਹਿੱਸਾ ਨਹੀਂ ਹੋਣਗੀਆਂ। ਸ਼ਰਤਾਂ ਅਨੁਸਾਰ ਮੌਜੂਦਾ ਜਾਂ ਸਾਬਕਾ ਸਥਾਈ ਸਰਕਾਰੀ ਕਰਮਚਾਰੀ ਔਰਤਾਂ। ਇਸ ਸਕੀਮ ਦਾ ਲਾਭ ਨਹੀਂ ਲੈ ਸਕਣਗੀਆਂ। ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰ ਜਾਂ ਵਿਧਾਇਕਾ ਨੂੰ ਇਸ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ ਜਦਕਿ ਇਨਕਮ ਟੈਕਸ ਭਰਨ ਵਾਲੀਆਂ ਔਰਤਾਂ ਨੂੰ ਵੀ 1000 ਰੁਪਏ ਨਹੀਂ ਦਿੱਤੇ ਜਾਣਗੇ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਾਰ ਸਾਲ ਕੀਤੇ ਗਏ ਇਸ ਫੈਸਲੇ ਤੋਂ ਬਾਅਦ ਸਿਆਸੀ ਮਾਹੌਲ ਗਰਮਾ ਗਿਆ ਹੈ। ਵਿਰੋਧੀ ਪਾਰਟੀਆਂ ਨੇ ਇਸ ਨੂੰ ਮਹਿਜ਼ ਇੱਕ "ਚੋਣ ਸਟੰਟ" ਕਰਾਰ ਦਿੱਤਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਇਹ ਵਾਅਦਾ ਆਪਣੇ ਚੋਣ ਮੈਨੀਫੈਸਟੋ ਵਿਚ ਕੀਤਾ ਸੀ ਪਰ ਇਸ ਨੂੰ ਲਾਗੂ ਕਰਨ ਵਿਚ ਚਾਰ ਸਾਲ ਦਾ ਲੰਬਾ ਸਮਾਂ ਲਗਾ ਦਿੱਤਾ ਗਿਆ।



**48,000 ਰੁਪਏ ਦੇ ਬਕਾਏ ਦਾ ਸਵਾਲ** : ਵਿਰੋਧੀਆਂ ਨੇ ਸਰਕਾਰ ਨੂੰ ਪਿਛਲੇ ਚਾਰ ਸਾਲਾਂ ਦੇ ਬਕਾਏ ਨੂੰ ਲੈ ਕੇ ਵੀ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਦਾ ਸਵਾਲ ਹੈ ਕਿ ਪਿਛਲੇ ਚਾਰ ਸਾਲਾਂ ਦਾ ਬਕਾਇਆ ਕਿੱਥੇ ਹੈ? ਵਿਰੋਧੀਆਂ ਦੇ ਹਿਸਾਬ ਅਨੁਸਾਰ ਚਾਰ ਸਾਲਾਂ ਦੇ ਸਮੇਂ ਮੁਤਾਬਕ ਹਰ ਇਕ ਔਰਤ ਦਾ 48,000 ਰੁਪਏ ਬਕਾਇਆ ਬਣਦਾ ਹੈ, ਜਿਸ ਬਾਰੇ ਸਰਕਾਰ ਕੋਲ ਕੋਈ ਜਵਾਬ ਨਹੀਂ ਹੈ। ਇਥੇ ਇਹ ਦੱਸ ਦਈਏ ਕਿ ਬਜਟ ਵਿਚ ਆਖਿਆ ਗਿਆ ਹੈ ਕਿ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਬਾਕੀ ਸਾਰੀਆਂ ਔਰਤਾਂ ਨੂੰ 1000 ਰੁਪਏ ਦਿੱਤੇ ਜਾਣਗੇ।




## ਪ੍ਰਸ਼ਾਂਤ ਮਹਾਂਸਾਗਰ 'ਚ 6.0 ਦੀ ਤੀਬਰਤਾ ਦਾ ਭੂਚਾਲ

**ਨਵੀਂ ਦਿੱਲੀ, 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਇੱਕ ਪਾਸੇ ਜਿੱਥੇ ਦੁਨੀਆ ਮੱਧ ਪੂਰਬ ਵਿੱਚ ਜਾਰੀ ਭਿਆਨਕ ਜੰਗ ਦੇ ਸਾਏ ਹੇਠ ਹੈ, ਉੱਥੇ ਹੀ ਹੁਣ ਕੁਦਰਤ ਨੇ ਵੀ ਆਪਣਾ ਕਹਿਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਂਤ ਮਹਾਂਸਾਗਰ ਅਤੇ ਇੰਡੋਨੇਸ਼ੀਆ ਵਿਚ ਭੂਚਾਲ ਦੇ ਤੇਜ਼ ਝਟਕੇ ਲਗੇ ਹਨ। ਪ੍ਰਸ਼ਾਂਤ ਮਹਾਸਾਗਰ ਵਿੱਚ 6.0 ਦੀ ਤੀਬਰਤਾ ਦਾ ਇੱਕ ਜ਼ਬਰਦਸਤ ਭੂਚਾਲ ਆਇਆ ਹੈ। ਨੈਸ਼ਨਲ ਸੈਂਟਰ ਫਾਰ ਸੀਸਮੌਲੋਜੀ ਦੇ ਇੱਕ ਬਿਆਨ ਵਿੱਚ ਭੂਚਾਲ ਆਉਣ ਦੀ ਜਾਣਕਾਰੀ ਦਿੱਤੀ ਗਈ। ਭੂਚਾਲ 130 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ। ਭੂਚਾਲ ਦੇ ਝਟਕਿਆਂ ਨੇ ਪੂਰੇ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਹਾਲਾਂਕਿ ਅਜੇ ਤੱਕ ਕਿਸੇ ਵੱਡੇ ਜਾਨੀ-ਮਾਲੀ ਨੁਕਸਾਨ ਜਾਂ ਸੁਨਾਮੀ ਦੀ ਚੇਤਾਵਨੀ ਬਾਰੇ ਪੂਰੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ, ਪਰ ਰਿਕਟਰ ਪੈਮਾਨੇ 'ਤੇ 6.0 ਦੀ ਤੀਬਰਤਾ ਵਾਲਾ ਭੂਚਾਲ ਕਾਫੀ ਜ਼ਬਰਦਸਤ ਮੰਨਿਆ ਜਾਂਦਾ ਹੈ। ਭੂਚਾਲ ਦੇ ਇਨ੍ਹਾਂ ਝਟਕਿਆਂ ਕਾਰਨ ਪ੍ਰਸ਼ਾਂਤ ਖੇਤਰ ਦੇ ਸਮੁੰਦਰੀ ਵਪਾਰਕ ਰਸਤਿਆਂ 'ਤੇ ਅਸਰ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਫਿਲਹਾਲ ਵਿਗਿਆਨੀ ਇਸ ਭੂਚਾਲ ਤੋਂ ਬਾਅਦ ਕਿਸੇ ਵੀ ਸੰਭਾਵੀ ਸੁਨਾਮੀ ਜਾਂ ਹੋਰ ਝਟਕਿਆਂ ਤੇ ਨਜ਼ਰ ਰੱਖ ਰਹੇ ਹਨ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਦੇ ਇੱਕ ਹੋਰ ਬਿਆਨ ਵਿੱਚ ਕਿਹਾ ਗਿਆ ਹੈ ਕਿ ਐਤਵਾਰ ਨੂੰ ਇੰਡੋਨੇਸ਼ੀਆ ਵਿੱਚ 5.3 ਤੀਬਰਤਾ ਦਾ ਭੂਚਾਲ ਆਇਆ ਭੂਚਾਲ 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ।

## ਪੰਜਾਬ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਚੰਡੀਗੜ੍ਹ, 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਬਜਟ ਵਿਚਾਲੇ ਵੱਡੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਪੰਜਾਬ ਵਿਧਾਨਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਈਮੇਲ ਜ਼ਰੀਏ ਧਮਕੀ ਹਾਸਿਲ ਹੋਈ ਹੈ। ਇਸ ਈਮੇਲ ਮਗਰੋਂ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ। ਫਿਲਹਾਲ ਕਿਹਾ ਜਾ ਰਿਹਾ ਹੈ ਕਿ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਹੋਏ ਹਨ। ਹਾਲਾਤ ਵੀ ਕਾਬੂ ਹੇਠ ਹਨ। ਪੁਲਿਸ ਵੱਲੋਂ ਹਰ ਇੱਕ ਦੀ ਜਾਂਚ ਕੀਤੀ ਜਾ ਰਹੀ ਹੈ।

## ਝੂਠ ਦਾ ਪੁਲੰਦਾ ਹੈ ਬਜਟ, 'ਆਪ' ਸਰਕਾਰ ਨੇ ਔਰਤਾਂ ਨਾਲ ਵੀ ਕੀਤਾ ਧੋਖਾ: ਸੁਖਬੀਰ ਸਿੰਘ ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਵੱਲੋਂ ਸਾਲ 2026-27 ਲਈ ਪੇਸ਼ ਕੀਤੇ ਗਏ ਬਜਟ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਨੇ ਕੌਮਾਂਤਰੀ ਮਹਿਲਾ ਦਿਵਸ 'ਤੇ ਮਹਿਲਾਵਾਂ ਨਾਲ ਵੀ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਆਖਰੀ ਬਜਟ ਵਿਚ ਕਿਸਾਨਾਂ, ਨੌਜਵਾਨਾਂ, ਗਰੀਬਾਂ, ਵਪਾਰੀਆਂ-ਉਦਯੋਗਪਤੀਆਂ, ਸਰਕਾਰੀ ਕਰਮਚਾਰੀਆਂ ਦੇ ਨਾਲ-ਨਾਲ ਔਰਤਾਂ ਨਾਲ ਵੀ ਧੋਖਾ ਕੀਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ 'ਆਪ' ਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਔਰਤਾਂ ਨੂੰ ਪ੍ਰਤੀ ਮਹੀਨਾ 1000-1000 ਰੁਪਏ ਦੇਣ ਦੇ ਵਾਅਦੇ ਤਹਿਤ ਬਣਦੇ ਹੁਣ ਤਕ ਦੇ ਬਕਾਇਆ 48 ਹਜ਼ਾਰ ਰੁਪਏ ਵਿਚੋਂ ਇਕ ਰੁਪਈਆ ਵੀ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਵਿਚੋਂ ਬਹੁਤ ਸਾਰੇ ਵਰਗਾਂ ਨੂੰ ਬਾਹਰ ਰੱਖਿਆ ਗਿਆ ਹੈ। ਇਸ ਲਈ ਬਜਟ ਵਿਚ ਸਿਰਫ਼ 9300 ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਖਰਚ 60 ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਹੋਣੇ ਚਾਹੀਦੇ ਸਨ। ਅਕਾਲੀ ਦਲ ਦੇ ਪ੍ਰਧਾਨ ਨੇ ਆਖਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਦਾਅਵਾ ਕਰਕੇ ਝੂਠ ਬੋਲਿਆ ਹੈ ਕਿ ਕਿਸਾਨਾਂ ਨੂੰ ਜਲਦੀ ਮੁਆਵਜ਼ਾ ਦਿੱਤਾ ਗਿਆ ਹੈ, ਜਦੋਂ ਕਿ ਉਹ ਰਾਜ ਵਿਚ ਆਏ ਭਿਆਨਕ ਹੜ੍ਹਾਂ ਦੇ 7 ਮਹੀਨੇ ਬਾਅਦ ਵੀ ਇਸ ਦੀ ਉਡੀਕ ਕਰ ਰਹੇ ਹਨ। ਇਸੇ ਤਰ੍ਹਾਂ ਫਸਲੀ ਵਿਭਿੰਨਤਾ ਲਈ 15 ਕਰੋੜ ਰੁਪਏ ਅਲਾਟ ਕਰਕੇ ਕਿਸਾਨਾਂ ਨਾਲ ਇਕ ਕੋਝਾ ਮਜ਼ਾਕ ਕੀਤਾ ਗਿਆ ਹੈ।

## ਪੰਜਾਬ 'ਚ ਸ਼ਰੇਆਮ ਗੁੰਡਾਗਰਦੀ, ਘਰ 'ਚ ਦਾਖਲ ਹੋਏ 50 ਵਿਅਕਤੀਆਂ ਨੇ ਚਲਾ'ਤੀਆਂ ਤਾਬੜਤੋੜ ਗੋਲੀਆਂ

**ਤਰਨਤਾਰਨ, 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਤਰਨ ਤਾਰਨ ਅਧੀਨ ਆਉਂਦੇ ਪਿੰਡ ਪਲਾਸੌਰ ਵਿਖੇ ਅੱਜ ਦੁਪਹਿਰ ਇਕ ਪਰਿਵਾਰ ਨੂੰ ਨਸ਼ਾ ਵੇਚਣ ਤੋਂ ਰੋਕਣਾ ਉਸ ਵੇਲੇ ਮਹਿੰਗਾ ਪੈ ਗਿਆ, ਜਦੋਂ ਪਿੰਡ ਦੇ ਕੁਝ ਵਿਅਕਤੀਆਂ ਨੇ ਬਾਹਰੋਂ ਬੁਲਾਏ ਕਰੀਬ ਤਿੰਨ ਦਰਜਨ ਸਾਥੀਆਂ ਸਮੇਤ ਘਰ ਅੰਦਰ ਦਾਖਲ ਹੋ ਕੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਘਰ ਵਿੱਚ ਭਾਰੀ ਭੰਨਤੋੜ ਕੀਤੀ ਅਤੇ ਫਾਇਰਿੰਗ ਵੀ ਕਰ ਦਿੱਤੀ, ਜਿਸ ਦੌਰਾਨ ਘਰ ਦਾ ਇੱਕ ਨੌਜਵਾਨ ਗੋਲੀ ਲੱਗਣ ਨਾਲ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਨੂੰ ਪਹਿਲਾਂ ਸਰਕਾਰੀ ਹਸਪਤਾਲ ਤਰਨ ਤਾਰਨ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਨੇ ਉਸਦੀ ਗੰਭੀਰ ਹਾਲਤ ਦੇ ਚਲਦਿਆਂ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਿਟੀ ਤਰਨ ਤਾਰਨ ਦੇ ਮੁਖੀ ਇੰਸਪੈਕਟਰ ਨਵਦੀਪ ਭੱਟੀ ਸਮੇਤ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ ਵਿੱਚ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਿੰਡ ਪਲਾਸੌਰ ਦੇ ਨਿਵਾਸੀ ਪ੍ਰਗਟ ਸਿੰਘ ਉਰਫ਼ ਪੱਗਾ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਖੁੱਲ੍ਹੇਆਮ ਚਿੱਟੇ ਦੀ ਵਿਕਰੀ ਹੋ ਰਹੀ ਹੈ, ਜੋ ਕਾਫੀ ਸਮੇਂ ਤੋਂ ਚੱਲ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਨੂੰ ਰੋਕਣ ਵਿੱਚ ਪੁਲਸ ਕਾਮਯਾਬ ਨਹੀਂ ਹੋ ਰਹੀ। ਪ੍ਰਗਟ ਸਿੰਘ ਨੇ ਦੱਸਿਆ ਕਿ ਉਸਦਾ ਭਰਾ ਸਰਵਨ ਸਿੰਘ ਅਤੇ ਹੋਰ ਪਰਿਵਾਰਕ ਮੈਂਬਰ ਮੁਹੱਲੇ ਵਿੱਚ ਸ਼ਰੇਆਮ ਵਿਕ ਰਹੇ ਨਸ਼ੇ ਦਾ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ। ਇਸ ਕਾਰਨ ਪਿੰਡ ਦੇ ਕੁਝ ਨੌਜਵਾਨ, ਜੋ ਖੁਦ ਇਸ ਧੰਦੇ ਵਿੱਚ ਸ਼ਾਮਲ ਹਨ, ਉਨ੍ਹਾਂ ਨਾਲ ਰੰਜਿਸ਼ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਦੁਪਹਿਰ ਕਰੀਬ 2 ਵਜੇ ਜਦੋਂ ਉਹ, ਉਸਦਾ ਭਰਾ ਸਰਵਨ ਸਿੰਘ ਅਤੇ ਹੋਰ ਪਰਿਵਾਰਕ ਮੈਂਬਰ ਘਰ ਵਿੱਚ ਮੌਜੂਦ ਸਨ ਤਾਂ ਪਿੰਡ ਦੇ ਕੁਝ ਵਿਅਕਤੀਆਂ ਨੇ ਬਾਹਰੋਂ ਬੁਲਾਏ ਕਰੀਬ ਤਿੰਨ ਦਰਜਨ ਹਥਿਆਰਬੰਦ ਸਾਥੀਆਂ ਨਾਲ ਘਰ ਵਿੱਚ ਦਾਖਲ ਹੋ ਕੇ ਤੋੜਫੋੜ ਸ਼ੁਰੂ ਕਰ ਦਿੱਤੀ। ਉਨ੍ਹਾਂ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਘਰ ਦੇ ਸਮਾਨ ਦੀ ਭਾਰੀ ਤਬਾਹੀ ਕੀਤੀ ਅਤੇ ਵਿਰੋਧ ਕਰਨ 'ਤੇ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਸਰਵਨ ਸਿੰਘ ਨੂੰ ਗੋਲੀ ਲੱਗ ਗਈ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਪਰਿਵਾਰਕ ਮੈਂਬਰਾਂ ਨੇ ਬੜੀ ਮੁਸ਼ਿਕਲ ਨਾਲ ਆਪਣੀ ਜਾਨ ਬਚਾਈ। ਪ੍ਰਗਟ ਸਿੰਘ ਨੇ ਦੋਸ਼ ਲਗਾਇਆ ਕਿ ਪੁਲਸ ਮੁਲਜ਼ਮਾਂ ਨੂੰ ਫੜਨ ਤੋਂ ਬਾਅਦ ਵੀ ਛੱਡ ਦਿੰਦੀ ਹੈ ਅਤੇ ਪਿੰਡ ਵਿੱਚ ਸ਼ਰੇਆਮ ਚਿੱਟੇ ਦੀ ਵਿਕਰੀ ਹੋ ਰਹੀ ਹੈ, ਜੋ ਪੁਲਸ ਦੀ ਮਿਲੀਭੁਗਤ ਨਾਲ ਚੱਲ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਇਸ ਖੂਨੀ ਝਗੜੇ ਤੋਂ ਬਾਅਦ ਪਿੰਡ ਵਿੱਚ ਕਾਫ਼ੀ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਉਧਰ ਇਸ ਸੰਬੰਧੀ ਥਾਣਾ ਸਿਟੀ ਤਰਨ ਤਾਰਨ ਦੇ ਮੁਖੀ ਇੰਸਪੈਕਟਰ ਨਵਦੀਪ ਭੱਟੀ ਨੇ ਦੱਸਿਆ ਕਿ ਮਾਮਲੇ ਦੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਦਿੱਤੇ ਜਾਣ ਵਾਲੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਈਰਾਨ ਦਾ ਅਮਰੀਕਾ 'ਤੇ ਵੱਡਾ ਹਮਲਾ, ਨੇਵੀ ਫਲੀਟ 'ਤੇ ਸੁੱਟੇ ਬੰਬ, 21 ਫੌਜੀਆਂ ਦੀ ਮੌਤ



**ਤਹਿਰਾਨ, 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਈਰਾਨ ਅਤੇ ਅਮਰੀਕਾ ਵਿਚਕਾਰ ਜੰਗ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੀ; ਸਗੋਂ ਇਹ ਹੋਰ ਤੇਜ਼ ਹੋ ਗਈ ਹੈ। ਈਰਾਨੀ ਹਥਿਆਰਬੰਦ ਬਲਾਂ ਨੇ ਬਹਿਰੀਨ ਵਿੱਚ ਤਾਇਨਾਤ ਅਮਰੀਕੀ ਪੰਜਵੇਂ ਨੇਵੀ ਫਲੀਟ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਹੈ। ਈਰਾਨ ਦੇ ਅਨੁਸਾਰ, ਇਨ੍ਹਾਂ ਹਮਲਿਆਂ ਵਿੱਚ ਉਸਦੇ 21 ਫੌਜੀ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਰਿਪੋਰਟਾਂ ਦੇ ਅਨੁਸਾਰ, ਇਹ ਘਟਨਾ ਖੇਤਰ ਵਿੱਚ ਵਧ ਰਹੇ ਤਣਾਅ ਦੇ ਵਿਚਕਾਰ ਅਮਰੀਕੀ ਨੇਵੀ ਫੌਜਾਂ ਅਤੇ ਈਰਾਨੀ ਫੌਜੀ ਟਿਕਾਣਿਆਂ ਵਿਚਕਾਰ ਹੋਈ ਝੜਪ ਦੌਰਾਨ ਵਾਪਰੀ। ਹਮਲਿਆਂ ਦੌਰਾਨ ਕਈ ਟਿਕਾਣਿਆਂ ਅਤੇ ਫੌਜੀ ਕੰਪਲੈਕਸਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਦੇ ਨਤੀਜੇ ਵਜੋਂ ਈਰਾਨੀ ਫੌਜਾਂ ਨੂੰ ਭਾਰੀ ਨੁਕਸਾਨ ਹੋਇਆ। ਈਰਾਨ ਨੇ ਬਹਿਰੀਨ ਦੀ ਰਾਜਧਾਨੀ ਮਨਾਮਾ ਦੇ ਜੁਫੈਰ ਖੇਤਰ ਵਿੱਚ ਸਥਿਤ ਸੰਯੁਕਤ ਰਾਜ ਜਲ ਸੈਨਾ ਦੇ ਪੰਜਵੇਂ ਬੇੜੇ ਦੇ ਮੁੱਖ ਦਫਤਰ 'ਤੇ ਇੱਕ ਨਵਾਂ ਹਮਲਾ ਕੀਤਾ ਹੈ। ਈਰਾਨੀ ਮੀਡੀਆ ਨੇ ਹਮਲੇ ਤੋਂ ਬਾਅਦ ਅੱਗ ਲੱਗਣ ਦਾ ਇੱਕ ਵੀਡੀਓ ਜਾਰੀ ਕੀਤਾ ਹੈ। ਅਮਰੀਕੀ ਜਲ ਸੈਨਾ ਦੀ ਪੰਜਵੀਂ ਬੇੜੀ ਜਲ ਸੈਨਾ ਸਹਾਇਤਾ ਗਤੀਵਿਧੀ ਬਹਿਰੀਨ ਵਿੱਚ ਸਥਿਤ ਹੈ ਅਤੇ ਇਸਨੂੰ ਮੱਧ ਪੂਰਬ ਵਿੱਚ ਅਮਰੀਕਾ ਦੀ ਸਭ ਤੋਂ ਮਹੱਤਵਪੂਰਨ ਫੌਜੀ ਮੌਜੂਦਗੀ ਮੰਨਿਆ ਜਾਂਦਾ ਹੈ।" ਈਰਾਨ ਨੇ ਇਨ੍ਹਾਂ ਹਮਲਿਆਂ ਨੂੰ ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਆਪ੍ਰੇਸ਼ਨ, ਆਪ੍ਰੇਸ਼ਨ ਐਪਿਕ ਫਿਊਰੀ ਦੇ ਜਵਾਬ ਵਜੋਂ ਦੱਸਿਆ ਹੈ। ਈਰਾਨ ਦਾ ਕਹਿਣਾ ਹੈ ਕਿ ਇਸ ਆਪ੍ਰੇਸ਼ਨ ਵਿੱਚ ਉਸਦੇ ਕਈ ਸੀਨੀਅਰ ਨੇਤਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਹਮਲੇ ਤੋਂ ਪਹਿਲਾਂ, ਅਮਰੀਕਾ ਨੇ ਖੇਤਰ ਵਿੱਚ ਆਪਣੀ ਜਲ ਸੈਨਾ ਦੀ ਤਾਇਨਾਤੀ ਵੀ ਵਧਾ ਦਿੱਤੀ ਸੀ। ਰਿਪੋਰਟਾਂ ਦੇ ਅਨੁਸਾਰ, ਈਰਾਨ ਨੂੰ ਰੋਕਣ ਲਈ ਤੈਨਾਤ ਅਮਰੀਕੀ ਜਲ ਸੈਨਾ ਦੇ ਬੇੜੇ ਦਾ ਲਗਭਗ ਇੱਕ ਤਿਹਾਈ ਹਿੱਸਾ ਖੇਤਰ ਵਿੱਚ ਤਾਇਨਾਤ ਕੀਤਾ ਗਿਆ ਸੀ।

## ਈਰਾਨ ਨੇ ਚੁਣ ਲਿਆ ਅਗਲਾ ਸੁਪਰੀਮ ਲੀਡਰ ! IDF ਨੇ ਦੇ 'ਤੀ ਚੇਤਾਵਨੀ

**ਤਹਿਰਾਨ/ਤੇਲ ਅਵੀਵ , 8 ਮਾਰਚ (ਆਵਾਜ਼ਿ ਕੌਮ ਬਿਊਰੋ)**-ਈਰਾਨ ਦੇ ਸੁਪਰੀਮ ਲੀਡਰ, ਆਯਤੁੱਲਾ ਅਲੀ ਖਮੇਨੀ ਦੀ ਹੱਤਿਆ ਤੋਂ ਬਾਅਦ ਛੱਡੀ ਗਈ ਖਾਲੀ ਥਾਂ ਨੂੰ ਭਰਨ ਲਈ ਅਸੈਂਬਲੀ ਆਫ ਐਕਸਪਰਟਸ (ਮਾਹਿਰਾਂ ਦੀ ਕੌਂਸਲ ) ਦੀ ਉੱਤਰਾਧਿਕਾਰੀ 'ਤੇ ਲਗਭਗ ਸਹਿਮਤੀ ਬਣ ਗਈ ਹੈ। ਈਰਾਨੀ ਨਿਊਜ਼ ਏਜੰਸੀ ਫਾਰਸ ਦੇ ਅਨੁਸਾਰ ਕੌਂਸਲ ਮੈਂਬਰ ਆਯਤੁੱਲਾ ਮੁਹੰਮਦ ਮੇਹਦੀ ਮੀਰਬਾਗੇਰੀ ਨੇ ਪੁਸ਼ਟੀ ਕੀਤੀ ਕਿ ਲੀਡਰਸ਼ਿਪ ਨੂੰ ਨਿਰਧਾਰਤ ਕਰਨ ਲਈ "ਵੱਡੇ ਯਤਨ" ਕੀਤੇ ਗਏ ਹਨ ਅਤੇ ਇੱਕ "ਫੈਸਲਾਕੁੰਨ ਅਤੇ ਸਰਬਸੰਮਤੀ ਵਾਲੀ ਰਾਏ" 'ਤੇ ਪਹੁੰਚਿਆ ਗਿਆ ਹੈ। ਹਾਲਾਂਕਿ, ਸੁਰੱਖਿਆ ਕਾਰਨਾਂ ਅਤੇ ਮੁਸ਼ਕਲ ਹਾਲਾਤ ਦਾ ਹਵਾਲਾ ਦਿੰਦੇ ਹੋਏ, ਨਵੇਂ ਨੇਤਾ ਦੇ ਨਾਮ ਦਾ ਅਜੇ ਤੱਕ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ ਹੈ।

ਇੱਕ ਹੋਰ ਕੌਂਸਲ ਮੈਂਬਰ ਹੁਜਤੁਲ ਇਸਲਾਮ ਜਾਫਰੀ ਨੇ ਕਿਹਾ ਕਿ ਤੀਜੇ ਸੁਪਰੀਮ ਲੀਡਰ ਦੀ ਚੋਣ ਵਿੱਚ ਦੇਰੀ ਅਣਕਿਆਸੀ ਸੀ, ਪਰ ਨਤੀਜੇ ਜਲਦੀ ਹੀ ਦਿਖਾਈ ਦੇਣਗੇ। ਗੌਰਤਲਬ ਹੈ ਕਿ ਇਹ 88 ਮੈਂਬਰੀ ਕੌਂਸਲ ਸੰਵਿਧਾਨਕ ਤੌਰ 'ਤੇ ਈਰਾਨ ਦੇ ਸੁਪਰੀਮ ਲੀਡਰ ਦੀ ਚੋਣ ਕਰਨ ਲਈ ਅਧਿਕਾਰਤ ਹੈ। ਈਰਾਨ ਦੇ ਸੁਪਰੀਮ ਲੀਡਰ, ਅਯਾਤੁੱਲਾ ਖਮੇਨੀ ਨੇ 37 ਸਾਲ ਰਾਜ ਕੀਤਾ ਅਤੇ 28 ਫਰਵਰੀ ਨੂੰ ਤਹਿਰਾਨ ਵਿੱਚ ਇੱਕ ਅਮਰੀਕੀ-ਇਜ਼ਰਾਈਲੀ ਹਮਲੇ ਵਿੱਚ ਮਾਰੇ ਗਏ। ਉਨ੍ਹਾਂ ਦੀ ਮੌਤ ਤੋਂ ਇੱਕ ਹਫ਼ਤੇ ਬਾਅਦ ਵੀ, ਈਰਾਨ ਕੋਈ ਬਦਲ ਚੁਣਨ ਵਿੱਚ ਅਸਫਲ ਰਿਹਾ ਹੈ, ਇਸ ਦੀ ਬਜਾਏ ਦੇਸ਼ ਦਾ ਕੰਟਰੋਲ ਤਿੰਨ ਮੈਂਬਰੀ ਕਮੇਟੀ ਨੂੰ ਸੌਂਪ ਦਿੱਤਾ ਹੈ।

### ਇਜ਼ਰਾਈਲ ਨੇ ਉੱਤਰਾਧਿਕਾਰੀ ਨੂੰ ਮਾਰਨ ਦੀ ਦਿੱਤੀ ਚੇਤਾਵਨੀ

ਇਸ ਦੌਰਾਨ ਇਜ਼ਰਾਈਲ ਨੇ ਈਰਾਨ ਦੇ ਸੰਭਾਵੀ ਨਵੇਂ ਸੁਪਰੀਮ ਲੀਡਰ ਅਤੇ ਦੇਸ਼ ਦੇ ਨੇਤਾ ਦੇ ਅਹੁਦੇ ਦੀ ਚੋਣ ਵਿੱਚ ਸ਼ਾਮਲ ਲੋਕਾਂ ਨੂੰ ਸਿੱਧੀ ਫੌਜੀ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਇਜ਼ਰਾਈਲ ਡਿਫੈਂਸ ਫੋਰਸਿਜ਼ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇਜ਼ਰਾਈਲ ਦਾ "ਲੰਬਾ ਹੱਥ" ਖਮੇਨੀ ਦੇ ਉੱਤਰਾਧਿਕਾਰੀ ਅਤੇ ਉਸਨੂੰ ਨਿਯੁਕਤ ਕਰਨ ਵਾਲੇ ਕਿਸੇ ਵੀ ਵਿਅਕਤੀ ਦਾ ਪਿੱਛਾ ਕਰਨਾ ਜਾਰੀ ਰੱਖੇਗਾ। 946 ਨੇ ਚੇਤਾਵਨੀ ਦਿੱਤੀ, "ਅਸੀਂ ਤੁਹਾਨੂੰ ਨਿਸ਼ਾਨਾ ਬਣਾਉਣ ਤੋਂ ਨਹੀਂ ਝਿਜਕਾਂਗੇ। ਇਸਨੂੰ ਆਪਣੇ ਲਈ ਇੱਕ ਚੇਤਾਵਨੀ ਸਮਝੋ।"

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਨਗਰ ਕੀਰਤਨ ਐਤਵਾਰ 29 ਮਾਰਚ ਨੂੰ

**ਨਗਰ ਕੀਰਤਨ ਦਾ ਸਮਾਂ : 12 ਵਜੇ ਅਰੰਭਤਾ ਅਤੇ 5 ਵਜੇ ਸਮਾਪਤੀ ਹੋਵੇਗੀ। ਹੋਲੇ ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।**

**ਸ਼ਨਿੱਚਰਵਾਰ 28 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।**

ਐਤਵਾਰ 29 ਮਾਰਚ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ।

ਢਾਡੀ ਜਥਾ, ਰਾਗੀ ਜਥਾ , ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਤਰਾਂ-ਤਰਾਂ ਸਟਾਲ ਵੀ ਲੱਗਣਗੇ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਧੰਨਿ ਸਬਦੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ — Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ

## ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ

# ਧਾਰਮਿਕ ਦੀਵਾਨ

## 12-13-14 ਮਾਰਚ 2026

ਸਮਾਂ : ਦੁਪਹਿਰ 12 ਤੋਂ 3 ਵਜੇ ਤੱਕ

# ਪਿੰਡ ਗਿਆਨਾ

ਜ਼ਿਲਾ ਬਠਿੰਡਾ (ਪੰਜਾਬ)

ਸਥਾਨ : ਗੁਰਦੁਆਰਾ ਸਾਹਿਬ



ਅੰਮ੍ਰਿਤ ਸੰਚਾਰ 14 ਮਾਰਚ ਦਿਨੇ 12 ਵਜੇ ਹੋਵੇਗਾ ਜੀ

ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਗੁਰਬਾਣੀ ਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

LIVE ON Mr. Singh Production — Nihal TV

facebook : /jathedarbaljitkhalsasinghdaduwal

ਬੇਨਤੀ ਕਰਤਾ - ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ਸਾਧਸੰਗਤ ਅਤੇ ਨਗਰ ਪੰਚਾਇਤ ਪਿੰਡ ਗਿਆਨਾ ਜ਼ਿਲ੍ਹਾ ਬਠਿੰਡਾ

ਸੰਪਰਕ ਨੰ: 94172-09926
80546-10503


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਨਾਨਕਸ਼ਾਹੀ ਸੰਮਤ 558 ਅਨੁਸਾਰ ਨਵੇਂ ਸਾਲ ਦੀ ਅਰੰਭਤਾ ਹੋਣ ਜਾ ਰਹੀ ਹੈ

ਸ਼ੁੱਕਰਵਾਰ 13 ਮਾਰਚ ਸ਼ਾਮ ਨੂੰ 6:30 ਦੀਵਾਨਾ ਦੀ ਅਰੰਭਤਾ ਹੋਵੇਗੀ ਅਤੇ ਰਾਤ 12:30 ਵਜੇ ਦੀਵਾਨਾ ਸਮਾਪਤੀ ਹੋਵੇਗੀ।

## ਸੰਗਰਾਂਦ ਰਾਤ 12 ਵਜੇ ਬਾਰਾਂ ਮਾਹ ਦੀ ਬਾਣੀ ਪਾਠ ਹੋਵੇਗਾ।

ਰਾਗੀ ਜਥੇ ਕੀਰਤਨ ਦੀ ਹਾਜ਼ਰੀ ਭਰਨਗੇ ਅਤੇ ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ

# ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜੀਵਾਰ ਗੁਰਬਾਣੀ ਕਥਾ ਵਿਚਾਰ ਦੀ ਹਾਜ਼ਰੀ ਭਰੀ













ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਅੱਜ ਲੜੀਵਾਰ ਗੁਰਬਾਣੀ ਕਥਾ ਵਿਚਾਰ ਦੀ ਹਾਜ਼ਰੀ ਭਰਦੇ ਹੋਏ ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਖਾਲਸਾਈ ਜਾਹੋ-ਜਲਾਲ ਅਤੇ ਵਿਰਾਸਤੀ ਖੇਡਾਂ

# ਹੋਲੇ-ਮਹੱਲੇ ਮੌਕੇ ਰੱਸਾ-ਕੱਸੀ ਦੇ ਦਿਲਚਸਪ ਮੁਕਾਬਲੇ



**ਧੂਰੀ (ਰਣਜੀਤ ਸਿੰਘ ਪੇਧਨੀ)**-ਹੋਲੇ-ਮਹੱਲੇ ਦੇ ਸ਼ੁਭ ਅਵਸਰ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਨੌਜਵਾਨੀ ਨੂੰ ਆਪਣੀ ਅਮੀਰ ਵਿਰਾਸਤ ਅਤੇ ਖੇਡਾਂ ਨਾਲ ਜੋੜਨ ਲਈ ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ, ਇਮਾਨ ਸਿੰਘ ਮਾਨ ਅਤੇ ਯੂਥ ਵਿੰਗ ਦੇ ਪ੍ਰਧਾਨ ਸ, ਤਜਿੰਦਰ ਸਿੰਘ ਦਿਓਲ ਦੀ ਅਗਵਾਈ ਹੇਠ ਕਰਵਾਏ ਗਏ ਰੱਸਾ-ਕੱਸੀ ਮੁਕਾਬਲਿਆਂ ਵਿੱਚ ਪੰਜਾਬ ਭਰ ਦੇ ਨੌਜਵਾਨਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਮੁਕਾਬਲੇ ਦੇ ਜੇਤੂ ਅਤੇ ਭਾਗੀਦਾਰ ਟੀਮਾਂ ਇਸ ਰੋਮਾਂਚਕ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਆਈਆਂ ਟੀਮਾਂ ਨੇ ਆਪਣੀ ਤਾਕਤ ਅਤੇ ਜਜ਼ਬੇ ਦਾ ਪ੍ਰਦਰਸ਼ਨ ਕੀਤਾ:

**ਸਿੱਖ ਨੌਜਵਾਨਾਂ ਵੱਲੋਂ ਖੇਡਾਂ 'ਚ ਚੰਗਾ ਪਰਦਰਸ਼ਨ ਕਰਨ ਤੇ ਵਿਸ਼ੇਸ ਸਨਮਾਨ ਕੀਤਾ ਜਾਵੇਗਾ: ਇਮਾਨ ਸਿੰਘ ਮਾਨ**

ਪਹਿਲਾ ਸਥਾਨ: ਖੋਸਾ ਕੋਟਲਾ (ਜ਼ਿਲ੍ਹਾ ਮੋਗਾ) ਨੂੰ 11000,ਪਹਿਲਾਂ ਇਨਾਮ

ਦੂਜਾ ਸਥਾਨ: ਤੋਗੇਵਾਲ (ਸੰਗਰੂਰ) ਸਤਨਾਮ ਸਿੰਘ ਰੱਤੋਕੇ ਦੀ ਟੀਮ ਨੂੰ ਦੂਜਾ ਇਨਾਮ 5100 ਸਨਮਾਨਿਤ ਕੀਤਾ

ਹਿੱਸਾ ਲੈਣ ਵਾਲੀਆਂ ਹੋਰ ਪ੍ਰਮੁੱਖ ਟੀਮਾਂ: ਰੋਪੜ ਦੀ ਟੀਮ ਫਤਹਿਗੜ੍ਹ ਸਾਹਿਬ (ਗੁਰਪ੍ਰੀਤ ਝਾਮਪੁਰ ਅਤੇ ਗੁਰਪ੍ਰੀਤ ਦੁਲਵਾ ਦੀ ਅਗਵਾਈ ਹੇਠ) ਕੱਥੂਨੰਗਲ (ਅੰਮ੍ਰਿਤਸਰ) ਚੋਹਲਾ ਸਾਹਿਬ (ਤਰਨਤਾਰਨ) ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਤੇ ਵਿਰਾਸਤ ਦੇ ਨੇੜੇ ਇਹੋ ਜਿਹੇ ਖੇਡ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਅਜੋਕੀ ਪੀੜ੍ਹੀ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਕਰਕੇ ਉਹਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ। ਆਪਣੀਆਂ ਪੁਰਾਤਨ ਖੇਡਾਂ ਨੂੰ ਸੁਰਜੀਤ ਰੱਖਣਾ ਹੀ ਸਾਡੀ ਅਸਲ ਜਿੱਤ ਹੈ।

÷ਸਾਡਾ ਨਿਸ਼ਾਨਾ ਪੰਜਾਬ ਦੀ ਨੌਜਵਾਨੀ ਵਿੱਚ ਮੁੜ ਉਹੀ ਪੁਰਾਤਨ ਜਜ਼ਬਾ ਅਤੇ ਤਾਕਤ ਭਰਨਾ ਹੈ, ਤਾਂ ਜੋ ਉਹ ਸਿੱਖੀ ਸਿਧਾਂਤਾਂ ਅਤੇ ਖੇਡ ਮੈਦਾਨਾਂ ਵਿੱਚ ਮੱਲਾਂ ਮਾਰ ਸਕਣ ।ਇਸ ਮੌਕੇ ਸ. ਜਗਜੀਤ ਸਿੰਘ ਸੁਸਕ (ਤਾਲਮੇਲ ਸਕੱਤਰ, ਯੂਥ ਵਿੰਗ),ਸ. ਰਣਜੀਤ ਸਿੰਘ ਸੰਤੋਖਗੜ੍ਹ (ਜ਼ਿਲ੍ਹਾ ਪ੍ਰਧਾਨ, ਰੋਪੜ,ਸ. ਗੁਰਪ੍ਰੀਤ ਸਿੰਘ ਦੁੱਲਵਾਂ (ਪ੍ਰਚਾਰਕ ਸਕੱਤਰ, ਪੰਜਾਬ),ਸ. ਗੁਰਪ੍ਰੀਤ ਸਿੰਘ ਝਾਮਪੁਰ (ਜ਼ਿਲ੍ਹਾ ਪ੍ਰਧਾਨ, ਸ੍ਰੀ ਫਤਹਿਗੜ੍ਹ ਸਾਹਿਬ) ਸਰਪੰਚ ਪਵਨ ਪ੍ਰੀਤ ਸਿੰਘ ਢੋਲੇਵਾਲ ਦਫਤਰ ਸਕੱਤਰ ਸ਼੍ਰੀ ਫਤਿਹਗੜ੍ਹ ਸਾਹਿਬ ਅਮਰਿੰਦਰ ਸਿੰਘ ਜੋਰਾ ਮੀਡੀਆ ਇੰਚਾਰਜ ਯੂਥ ਵਿੰਗ ਪੰਜਾਬ ਹਾਜਰ ਸਨ।

ਸੰਤ ਜਮਨਾ ਦਾਸ, ਮੁੱਖ ਮਹਿਮਾਨ ਰਾਕੇਸ਼ ਕਪੂਰ ਅਤੇ ਬੀਕੇ ਮਧੂ ਦੀਦੀ ਨੇ ਸਰਕਾਰ ਤੋਂ ਹਸਪਤਾਲ ਵਿੱਚ ਪੱਕਾ ਵੈਟਰਨਰੀ ਡਾਕਟਰ ਨਿਯੁਕਤ ਕਰਨ ਦੀ ਕੀਤੀ ਮੰਗ

# ਸਹਾਰਾ ਗਊ ਸੇਵਾ ਸੰਸਥਾਨ ਹਸਪਤਾਲ ਦਾ ਉਦਘਾਟਨ





ਤਲਵੰਡੀ ਸਾਬੋ, 8 ਮਾਰਚ (ਗੁਰਜੰਟ ਸਿੰਘ ਨਥੇਹਾ)- ਡੇਰਾ ਬਾਬਾ ਕਿਸ਼ਨ ਦਾਸ ਜੀ ਪਿੰਡ ਦੁੰਨੇਵਾਲਾ ਦੇ ਗੱਦੀਨਸ਼ੀਨ ਸੰਤ ਸ਼੍ਰੀ ਸ਼੍ਰੀ 108 ਮਹੰਤ ਜਮਨਾ ਦਾਸ ਜੀ ਮੀਤ ਪ੍ਰਧਾਨ ਪ੍ਰਾਚੀਨ ਮਹਾਮੰਡਲ ਪੰਜਾਬ (ਰਜਿ.) ਜੀ ਦੀ ਪ੍ਰੇਰਨਾ ਅਤੇ ਸਮੂਹ ਮੰਡੀ ਨਿਵਾਸੀਆ ਦੇ ਸਹਿਯੋਗ ਨਾਲ ਦੀ ਰਾਮਾਂ ਸਹਾਰਾ ਵੈਲਫੇਅਰ ਕਲੱਬ (ਰਜਿ.1598) ਵੱਲੋਂ ਬੀਮਾਰ ਗੋਵੰਸ਼ ਦੇ ਇਲਾਜ ਲਈ ਕਮਾਲੂ ਰੋਡ ਰਾਮਾਂ ਵਿਖੇ ਨਵੇਂ ਬਣਾਏ ਗਏ ਸ਼੍ਰੀ ਕ੍ਰਿਸ਼ਨਾ ਸਹਾਰਾ ਗਊ ਸੇਵਾ ਸੰਸਥਾਨ ਹਸਪਤਾਲ ਦਾ ਉਦਘਾਟਨ ਅੱਜ ਸੰਤ ਜਮਨਾ ਦਾਸ ਜੀ ਅਤੇ ਮੁੱਖ ਮਹਿਮਾਨ ਰਾਕੇਸ਼ ਕਪੂਰ ਐਮਡੀ ਗਰੇ ਮੈਟਰਜ ਬਠਿੰਡਾ ਵੱਲੋਂ ਵੱਡੀ ਗਿਣਤੀ ਵਿਚ ਮੋਹਤਬਰਾਂ ਦੀ ਹਾਜ਼ਰੀ ਵਿੱਚ ਆਪਣੇ ਸ਼ੁਭ ਹੱਥਾਂ ਨਾਲ ਕੀਤਾ ਗਿਆ। ਇਸ ਮੌਕੇ ਬ੍ਰਹਮਾ ਕੁਮਾਰੀ ਸੈਂਟਰ ਰਾਮਾਂ ਦੀ ਇੰਚਾਰਜ ਬੀਕੇ ਡਾਕਟਰ ਮਧੂ ਦੀਦੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੀ। ਉਦਘਾਟਨ ਦੀ ਰਸਮ ਤੋਂ ਪਹਿਲਾਂ ਸ਼੍ਰੀ ਅਖੰਡ ਰਾਮਾਇਣ ਪਾਠ ਦਾ ਭੋਗ ਪਾਇਆ ਗਿਆ, ਉਪਰੰਤ ਅਤੁੱਟ ਲੰਗਰ ਲਗਾਇਆ ਗਿਆ। ਇਸ ਮੌਕੇ ਹਾਜ਼ਰ ਭਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੀਕੇ ਡਾਕਟਰ ਮਧੂ ਦੀਦੀ ਨੇ ਹਸਪਤਾਲ ਦੀ ਉਸਾਰੀ ਲਈ ਸਹਾਰਾ ਕਲੱਬ ਅਤੇ ਦਾਨੀ ਸੱਜਣਾਂ ਦੇ ਨਾਲ ਨਾਲ ਮੰਡੀ ਵਾਸੀਆਂ ਦਾ ਵੀ ਧੰਨਵਾਦ ਕੀਤਾ ਅਤੇ ਹਸਪਤਾਲ ਦੀ ਉਸਾਰੀ ਨੂੰ ਬੀਮਾਰ ਗੋਵੰਸ਼ ਦੇ ਇਲਾਜ ਲਈ ਅਤੇ ਗਊ ਭਗਤਾਂ ਲਈ ਇੱਕ ਬਹੁਤ ਵੱਡਾ ਤੋਹਫ਼ਾ ਦੱਸਿਆ। ਉਹਨਾਂ ਕਿਹਾ ਕਿ ਸਹਾਰਾ ਕਲੱਬ ਨੇ ਸਿਰਫ ਇਨਸਾਨੀਅਤ ਦੀ ਹੀ ਨਹੀਂ, ਪੰਛੀਆਂ ਦੀ ਵੀ ਬਿਨਾਂ ਲਾਲਚ ਸੇਵਾ ਕਰਕੇ ਰਾਮਾਂ ਮੰਡੀ ਦੇ ਨਾਮ ਨੂੰ ਪੂਰੇ ਦੇਸ਼ ਵਿਚ ਪਹਿਚਾਣ ਦਿੱਤੀ ਹੈ। ਮਧੂ ਦੀਦੀ ਦੇ ਨਾਲ ਨਾਲ ਸੰਤ ਜਮਨਾ ਦਾਸ ਜੀ ਅਤੇ ਮੁੱਖ ਮਹਿਮਾਨ ਰਾਕੇਸ਼ ਕਪੂਰ ਐਮਡੀ ਗਰੇ ਮੈਟਰਜ ਬਠਿੰਡਾ ਨੇ ਸਰਕਾਰ ਤੋਂ ਹਸਪਤਾਲ ਵਿੱਚ ਗੋਵੰਸ਼ ਦੇ ਇਲਾਜ ਲਈ ਇੱਕ ਪੱਕਾ ਵੈਟਰਨਰੀ ਡਾਕਟਰ ਨਿਯੁਕਤ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਇਲਾਕੇ ਦੇ ਦਾਨੀ ਸੱਜਣ ਅਤੇ ਗਊ ਭਗਤ ਪ੍ਰਵੀਨ ਕੁਮਾਰ ਪੱਕਾ ਐਮਸੀ, ਪੰਡਿਤ ਸੋਮ ਦੱਤ ਸ਼ਰਮਾ, ਲਵੇਲ ਸਿੰਘ ਸਿੱਧੂ, ਨਿਰਮਲ ਸ਼ਰਮਾ, ਅਮਰਜੀਤ ਸੁਖਲੱਧੀ, ਵਿਜੇ ਕੁਮਾਰ ਲਹਿਰੀ ਪ੍ਰਧਾਨ ਸ਼੍ਰੀ ਗਊਸ਼ਾਲਾ ਕਮੇਟੀ, ਵਿਜੇ ਕੁਮਾਰ ਲਹਿਰੀ ਟੀਨੂੰ, ਸੁਖਵੰਤ ਸਿੰਘ ਕਾਲਾ, ਵਿੱਕੀ ਬੁਢਲਾਡਾ, ਜੀਤ ਜੈਨ, ਸੰਜੀਵ ਭੋਲਾ ਜੈਨ, ਮਾਸਟਰ ਸੰਜੀਵ ਕੁਮਾਰ, ਚੇਤ ਰਾਮ ਯਾਦਵ, ਸੂਰਜ ਰਤਨ ਮਹੇਸ਼ਵਰੀ, ਇੰਦਰਜੀਤ ਲਹਿਰੀ, ਬਿੱਟੂ ਲਹਿਰੀ, ਕ੍ਰਿਸ਼ਨ ਗੋਇਲ, ਇੰਦਰ ਕੁਮਾਰ ਗੋਇਲ, ਗੋਲਡੀ ਮਹੇਸ਼ਵਰੀ, ਵਿੱਕੀ ਮਹੇਸ਼ਰੀ, ਮਨੋਜ ਸੀਂਗੋ ਐਮਸੀ, ਅਜੀਤ ਗੁਪਤਾ, ਉਦੈ ਰਾਮ ਬੰਗੀ, ਡਾ.ਅਮਿਤੋਸ਼ ਵਿਸ਼ਵਾਸ, ਸੁਰਿੰਦਰ ਛਿੰਦਾ, ਬਾਬਾ ਜਸਕਰਨ ਸੰਦੋਹੇ ਵਾਲੇ, ਦੇਸ ਰਾਜ ਚਲਾਣਾ, ਕੌਸ਼ਲ ਪੁਰੀ ਤੋਂ ਵੱਡੀ ਗਿਣਤੀ ਵਿਚ ਗਊ ਭਗਤ ਹਾਜ਼ਰ ਸਨ। ਕਲੱਬ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਹਸਪਤਾਲ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਦਾਨੀ ਸੱਜਣਾਂ ਨੂੰ ਸਨਮਾਨਿਤ ਅਤੇ ਉਹਨਾਂ ਦੇ ਨਾਲ ਹਾਜ਼ਰ ਰਹੇ ਗਊ ਭਗਤਾਂ ਦਾ ਵੀ ਧੰਨਵਾਦ ਕੀਤਾ ਹੈ।

# ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਸਰਵਾਈਕਲ ਕੈਂਸਰ ਸਕ੍ਰੀਨਿੰਗ ਕੈਂਪ ਦਾ ਆਯੋਜਨ



**ਤਲਵੰਡੀ ਸਾਬੋ, 08 ਮਾਰਚ (ਗੁਰਜੰਟ ਸਿੰਘ ਨਥੇਹਾ)**-ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਰਵੀ ਕਾਂਤ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ 2 ਮਾਰਚ ਤੋਂ 6 ਮਾਰਚ ਤੱਕ ਸਰਵਾਈਕਲ ਕੈਂਸਰ ਸਕ੍ਰੀਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਮਹਿਲਾਵਾਂ ਵਿੱਚ ਸਰਵਾਈਕਲ ਕੈਂਸਰ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਸਮੇਂ ਸਿਰ ਜਾਂਚ ਰਾਹੀਂ ਇਸ ਬਿਮਾਰੀ ਦੀ ਰੋਕਥਾਮ ਕਰਨਾ ਸੀ। ਡਾ. ਰਵੀ ਕਾਂਤ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਵਿੱਚੋਂ ਇੱਕ ਹੈ, ਪਰ ਜੇਕਰ ਇਸ ਦੀ ਸਮੇਂ ਸਿਰ ਸਕ੍ਰੀਨਿੰਗ ਅਤੇ ਜਾਂਚ ਕਰਵਾ ਲਈ ਜਾਵੇ ਤਾਂ ਇਸ ਦਾ ਇਲਾਜ ਸੰਭਵ ਹੈ। ਇਸ ਕੈਂਪ ਦੌਰਾਨ ਤਜਰਬੇਕਾਰ ਮੈਡੀਕਲ ਟੀਮ ਵੱਲੋਂ ਮਹਿਲਾਵਾਂ ਦੀ ਮੁਫ਼ਤ ਸਕ੍ਰੀਨਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਅ ਸੰਬੰਧੀ ਜਰੂਰੀ ਸਲਾਹ ਵੀ ਦਿੱਤੀ ਗਈ। ਹਸਪਤਾਲ ਪ੍ਰਸ਼ਾਸਨ ਵੱਲੋਂ ਮਹਿਲਾਵਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਕੈਂਪ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਇਸ ਗੰਭੀਰ ਬਿਮਾਰੀ ਦੀ ਸਮੇਂ ਸਿਰ ਪਛਾਣ ਹੋ ਸਕੇ।

# ਟੀ.ਬੀ.ਐਸ ਸਕੂਲ ਵਿਚ ਮਨਾਇਆ ਵਿਸ਼ਵ ਮਹਿਲਾ ਦਿਵਸ



ਫ਼ਿਰੋਜ਼ਪੁਰ, 08 ਮਾਰਚ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਇਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ ਰੇਖ ਵਿੱਚ ਚਲ ਰਿਹਾ ਹੈ। ਸਕੂਲ ਨੇ ਔਰਤਾਂ ਦੀ ਤਾਕਤ, ਸਮਰਪਣ ਅਤੇ ਉਪਲਬਧਤਾਵਾਂ ਨੂੰ ਸਵੀਕਾਰ ਕਰਦੇ ਹੋਏ ਬੜੇ ਹੀ ਉਤਸ਼ਾਹ ਅਤੇ ਸਨਮਾਨ ਦੇ ਨਾਲ ਅੰਤਰ ਰਾਸ਼ਟਰੀ ਮਹਿਲਾ ਦਿਵਸ ਮਨਾਇਆ। ਇਸ ਵਿਸ਼ੇਸ਼ ਮੌਕੇ ਤੇ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਅਤੇ ਸਾਰੇ ਅਧਿਆਪਕਾਂ ਦੁਆਰਾ ਸਤਿਕਾਰਯੋਗ ਪ੍ਰਬੰਧਕ ਨਿਰਦੇਸ਼ਕ ਦੀਪਾਲੀ ਸ਼ਰਮਾ ਨੂੰ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ, ਲਗਾਤਾਰ ਉਤਸ਼ਾਹ ਅਤੇ ਸੰਸਥਾ ਦੇ ਵਿਕਾਸ ਵਿੱਚ ਅਮੁੱਲ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦਾ ਸਮਰਪਣ ਅਤੇ ਨਿਰਪੱਖਤਾ ਪੂਰੀ ਤਰ੍ਹਾਂ ਟੀ.ਬੀ.ਐਸ ਪਰਿਵਾਰ ਨੂੰ ਪ੍ਰੇਰਿਤ ਕਰਦੀ ਰਹੇਗੀ। ਉਤਸਵ ਵਿੱਚ ਮਹਿਲਾ ਸ਼ਕਤੀਕਰਨ, ਆਪਸੀ ਸਹਾਇਤਾ ਅਤੇ ਹਰ ਖੇਤਰ ਵਿੱਚ ਔਰਤਾਂ ਦੇ ਸਨਮਾਨ ਦੇ ਮਹੱਤਵ ਬਾਰੇ ਦੱਸਿਆ ਗਿਆ। ਆਓ ਆਪਾਂ ਇਹ ਦਿਨ ਹੀ ਨਹੀਂ, ਸਗੋਂ ਹਰ ਦਿਨ ਔਰਤਾਂ ਦੀ ਤਾਕਤ ਅਤੇ ਸਮਾਜ ਵਿੱਚ ਅਮੁੱਲ ਭੂਮਿਕਾ ਦੀ ਪਛਾਣ ਨੂੰ ਸਨਮਾਨ ਦੇਈਏ।

# ਬਾਬਾ ਵਧਾਵਾ ਸਿੰਘ ਜੀ ਵਿਦਿਆ ਕੇਂਦਰ ਨਾਨਕਸਰ ਛਾਂਗਾ ਵਿਖੇ ਨਵੇਂ ਸੈਸ਼ਨ ਦੀ ਅਰਦਾਸ ਹੋਈ



ਫ਼ਿਰੋਜ਼ਪੁਰ, 08 ਮਾਰਚ (ਮਨੋਹਰ ਲਾਲ) :— ਬਾਬਾ ਵਧਾਵਾ ਸਿੰਘ ਜੀ ਵਿਦਿਆ ਕੇਂਦਰ ਨਾਨਕਸਰ ਛਾਂਗਾ ਖੁਰਦ ਵਿਖੇ ਨਵੇਂ ਸੈਸ਼ਨ ਦੀ ਅਰਦਾਸ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਕੀਤੀ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਬੋਲਦਿਆਂ ਕਿਹਾ ਕਿ ਬਾਬਾ ਵਧਾਵਾ ਸਿੰਘ ਜੀ ਵਿਦਿਆ ਕੇਂਦਰ ਨਾਨਕਸਰ ਛਾਂਗਾ ਖੁਰਦ ਵਿਖੇ ਬੱਚਿਆਂ ਦੇ ਪੇਪਰ ਹੋ ਰਹੇ ਹਨ ਅਤੇ ਨਵੇਂ ਸੈਸ਼ਨ 2027—2028 ਦਾ ਨਵਾਂ ਸੈਸ਼ਨ ਸ਼ੁਰੂ ਕਰ ਦਿੱਤਾ ਹੈ ਜ਼ੋ ਕਿ ਨਰਸਰੀ ਤੋਂ ਅੱਠਵੀਂ ਜਮਾਤ ਤੱਕ, ਇਸ ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਅਤੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਦੀ ਸੁਚੱਜੀ ਦੇਖ—ਰੇਖ ਹੇਠ ਅਤੇ ਮਿਹਨਤੀ ਸਟਾਫ ਜ਼ੋ ਕਿ ਬੱਚਿਆਂ ਨੂੰ ਦੁਨਿਆਵੀਂ ਵਿਦਿਆ ਦੇ ਨਾਲ—ਨਾਲ ਧਾਰਮਿਕ ਵਿਦਿਆ ਦਿੱਤੀ ਜਾਂਦੀ ਹੈ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਕਿਹਾ ਕਿ ਇਸ ਸਕੂਲ ਦੀ ਸਾਰੇ ਸਾਲ ਦੀ ਫੀਸ 7700 ਰੁਪਏ ਲਈ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਕੋਈ ਫੀਸ ਬੱਚਿਆਂ ਤੋਂ ਨਹੀਂ ਲਈ ਜਾਂਦੀ, ਇਸ ਤੋਂ ਇਲਾਵਾ ਅੰਗਰੇਜੀ ਦਾ ਵਧੀਆ ਮਾਹੌਲ ਅਤੇ ਮਿਆਰੀ ਸਿੱਖਿਆ, ਬੱਚਿਆਂ ਵਿਚ ਦਿਲਚਸਪੀ ਦੀ ਭਾਵਨਾ ਪੈਦਾ ਕਰਨ ਲਈ ਵੱਖ—ਵੱਖ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਕਮਜੋਰ ਬੱਚਿਆਂ ਲਈ ਵਿਸ਼ੇਸ਼ ਕਲਾਸਾਂ ਅਤੇ ਬੱਚਿਆਂ ਲਈ ਮਨਪਸੰਦ ਦੀਆਂ ਖੇਡਾਂ ਦਾ ਖਾਸ ਪ੍ਰਬੰਧ ਹੈ ਅਤੇ ਬੱਚਿਆਂ ਲਈ ਸ਼ਾਨਦਾਰ ਕਲਾਸ ਰੂਮ, ਇਸ ਤੋਂ ਇਲਾਵਾ ਬੱਚਿਆਂ ਨੂੰ ਗੁਰਮਤਿ ਸਿੱਖਿਆ, ਗੁਰਬਾਣੀ ਸੰਧਿਆ, ਕੀਰਤਨ ਅਤੇ ਗੱਤਕੇ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ। ਇਸ ਦੇ ਨਾਲ ਕੰਪਿਊਟਰ ਸਿੱਖਿਆ ਤੋਂ ਇਲਾਵਾ ਹੋਰ ਵੀ ਬਹੁਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਸਮੂਹ ਇਲਾਕੇ ਭਰ ਦੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਬਾਬਾ ਵਧਾਵਾ ਸਿੰਘ ਵਿਦਿਆ ਕੇਂਦਰ ਵਿਚ ਦਾਖਲ ਕਰਵਾਓ ਤਾਂ ਜ਼ੋ ਬੱਚਿਆਂ ਨੂੰ ਦੁਨਿਆਵੀਂ ਵਿਦਿਆ ਦੇ ਨਾਲ—ਨਾਲ ਬੱਚਿਆਂ ਨੂੰ ਧਾਰਮਿਕ ਵਿਦਿਆ ਨਾਲ ਜ਼ੋੜੋ ਤਾਂ ਜ਼ੋ ਬੱਚਾ ਪੜ੍ਹ—ਲਿਖ ਕੇ ਨਸ਼ੇ ਦਾ ਤਿਆਗ ਕਰਕੇ ਚੰਗਾ ਜੀਵਨ ਜਿਉਣ ਦੀ ਜਾਂਚ ਸਿਖ ਸਕੇ।

### ਪੂਰਾ ਪੰਜਾਬ ਲਹਿਰ ਨੂੰ ਮਾਲਵਾ ਵਿੱਚ ਮਿਲ ਰਿਹਾ ਵੱਡਾ ਹੁੰਗਾਰਾ

# ਗੁਰਦੁਆਰਾ ਜ਼ਾਮਨੀ ਸਾਹਿਬ ਵਿਖੇ ਲਗਾਏ ਕੈਂਪ ਦੌਰਾਨ ਪੂਰਾ ਪੰਜਾਬ ਲਹਿਰ ਨੂੰ ਮਿਲਿਆ ਭਰਪੂਰ ਸਮਰਥਨ



**ਫ਼ਿਰੋਜ਼ਪੁਰ, 08 ਮਾਰਚ (ਮਨੋਹਰ ਲਾਲ) :—** ਪੰਜਾਬ ਦੇ ਹੱਕਾਂ ਅਤੇ ਸੰਵਿਧਾਨਕ ਮਸਲਿਆਂ ਨੂੰ ਲੈ ਕੇ ਮਿਸਲ ਸਤਲੁਜ ਵੱਲੋਂ ਚਲਾਈ ਜਾ ਰਹੀ "ਪੂਰਾ ਪੰਜਾਬ ਲਹਿਰ" ਨੂੰ ਮਾਲਵਾ ਖੇਤਰ ਵਿੱਚ ਲਗਾਤਾਰ ਵੱਡਾ ਸਮਰਥਨ ਮਿਲ ਰਿਹਾ ਹੈ। ਇਸੇ ਸਿਲਸਿਲੇ ਤਹਿਤ ਗੁਰਦੁਆਰਾ ਜਾਮਨੀ ਸਾਹਿਬ ਬਾਜੀਦਪੁਰ ਵਿਖੇ ਦਵਿੰਦਰ ਸਿੰਘ ਸੇਖੋਂ ਸਕੱਤਰ ਜਨਰਲ ਮਿਸਲ ਸਤਲੁਜ ਅਤੇ ਮਾਨ ਸਿੰਘ ਕਿਲੀ ਪ੍ਰਧਾਨ ਯੂਥ ਵਿੰਗ ਦੀ ਅਗਵਾਈ ਹੇਠ ਲਗਾਏ ਗਏ ਜਨਤਕ ਦਸਤਖ਼ਤ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਪੰਜਾਬ ਹਿਤੈਸ਼ੀ ਲੋਕਾਂ ਨੇ ਹਿੱਸਾ ਲਿਆ। ਕੈਂਪ ਦੌਰਾਨ ਤਿੰਨ ਹਜ਼ਾਰ ਤੋਂ ਵੱਧ ਲੋਕਾਂ ਨੇ ਪਟੀਸ਼ਨ ਉਪਰ ਆਪਣੇ ਦਸਤਖ਼ਤ ਕਰਕੇ "ਪੂਰਾ ਪੰਜਾਬ ਲਹਿਰ" ਨਾਲ ਆਪਣਾ ਸਮਰਥਨ ਦਰਜ ਕਰਵਾਇਆ। ਇਸ ਮੌਕੇ ਤੇ ਲੋਕਾਂ ਵਿੱਚ ਪੰਜਾਬ ਦੇ ਅਧਿਕਾਰਾਂ ਅਤੇ ਭਵਿੱਖ ਨੂੰ ਲੈ ਕੇ ਵੱਡਾ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਕਰਨੈਲ ਸਿੰਘ ਭਾਵੜਾ, ਗੁਰਬੀਰ ਸਿੰਘ ਬੱਬੂ ਖੋਸਾ, ਸਰਬਜੀਤ ਸਿੰਘ ਕੋਟਕਰੋੜ, ਗੁਰਜੰਟ ਸਿੰਘ ਕਿਲੀ, ਜਸ਼ਨਪ੍ਰੀਤ ਸਿੰਘ ਕਿਲਚੇ, ਗੁਰਵਿੰਦਰ ਸਿੰਘ ਡਰੋਲੀ ਭਾਈ ਅਤੇ ਗੁਰਪਿੰਦਰ ਸਿੰਘ ਕਿਲਚੇ ਸਮੇਤ ਕਈ ਹੋਰ ਪੰਥਕ ਅਤੇ ਪੰਜਾਬ ਹਿਤੈਸ਼ੀ ਵਿਅਕਤੀਆਂ ਨੇ ਵੀ ਆਪਣਾ ਯੋਗਦਾਨ ਦਿੱਤਾ। ਇਸ ਮੌਕੇ ਦਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ "ਪੂਰਾ ਪੰਜਾਬ ਲਹਿਰ" ਹੇਠ ਇਹ ਦਸਤਖ਼ਤ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਪੰਜਾਬ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਤੱਕ ਪਹੁੰਚ ਕੇ ਲੋਕਾਂ ਨੂੰ ਇਸ ਅੰਦੋਲਨ ਨਾਲ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਵਿਧਾਨਕ ਅਤੇ ਆਰਥਿਕ ਹੱਕਾਂ ਲਈ ਲੋਕਾਂ ਦੀ ਇਹ ਭਾਰੀ ਭਾਗੀਦਾਰੀ ਸਪਸ਼ਟ ਸੰਕੇਤ ਹੈ ਕਿ ਪੰਜਾਬ ਦੇ ਲੋਕ ਹੁਣ ਆਪਣੇ ਭਵਿੱਖ ਲਈ ਇਕਜੁੱਟ ਹੋ ਕੇ ਅੱਗੇ ਆ ਰਹੇ ਹਨ। ਗੱਲਬਾਤ ਕਰਦਿਆਂ ਮਾਨ ਸਿੰਘ ਕਿਲੀ ਨੇ ਪੰਜਾਬ ਦੇ ਸਮੂਹ ਜਾਗਰੂਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਲਹਿਰ ਨਾਲ ਜੁੜ ਕੇ ਪੰਜਾਬ ਦੇ ਹੱਕਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤ ਬਣਾਉਣ।

### ਗੁਰੂ ਨਾਨਕ ਪਬਲਿਕ ਸਕੂਲ ਮਹਿਤਾ ਵੱਲੋਂ

# ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

**ਚੌਕ ਮਹਿਤਾ, 7 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਥਾਨਕ ਸ਼੍ਰੀ ਗੁਰੂ ਨਾਨਕ ਪਬਲਿਕ ਹਾਈ ਸਕੂਲ ਮਹਿਤਾ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਸ਼ਾਮ ਲਾਲ ਦੀ ਅਗਵਾਈ ਅਤੇ ਡਾਇਰੈਕਟਰ ਮੈਡਮ ਸ਼੍ਰੀਮਤੀ ਵੀਨਾ ਕੁਮਾਰੀ ਦੀ ਰਹਿਨੁਮਾਈ ਹੇਠ ਅੱਜ ਨੋਨ-ਬੋਰਡ ਕਲਾਸਾਂ ਦਾ ਰਿਜ਼ਲਟ ਕੱਢਿਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਰਾਏ ਮੂਵੀਜ਼ ਦੇ ਮਾਲਕ, ਸਸਸਸ ਮਹਿਤਾ ਨੰਗਲ ਦੇ ਪ੍ਰਿੰਸੀਪਲ ਇੰਚਾਰਜ ਨਰਿੰਦਰ ਰਾਏ ਅਤੇ ਅਧਿਆਪਨ ਦੇ ਵਿਸ਼ਾ ਮਾਹਿਰ ਰਸ਼ਪਾਲ ਸਿੰਘ ਸਨ। ਵਿਦਿਆਰਥੀਆਂ ਵੱਲੋਂ ਇਸ ਮੌਕੇ ਗੀਤ, ਕੋਰੀਓਗ੍ਰਾਫੀ ਅਤੇ ਹਾਸਰਸ ਸਕਿੱਟਾਂ ਰਾਹੀਂ ਮੰਤਰਮੁਗਧ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਐਡਵੋਕੇਟ ਅਤੇ ਲੈਕਚਰਾਰ ਅਵਤਾਰ ਸਿੰਘ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ ਗਈ। ਮੁੱਖ ਮਹਿਮਾਨਾਂ ਵੱਲੋਂ ਸਕੂਲ ਦੀ ਬੈਸਟ ਟੀਚਰ ਵਜੋਂ ਮੁਸਕਾਨ ਕੌਰ ਨੂੰ ਸ਼ੀਲਡ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਲਾਨਾ ਇਨਾਮ ਵੰਡ ਸਮਾਰੋਹ ਵੀ ਆਯੋਜਿਤ ਕਰਵਾਇਆ, ਜਿਸ ਵਿੱਚ ਸਲਾਨਾ ਪ੍ਰੀਖਿਆ ਵਿੱਚੋਂ ਹਰ ਜਮਾਤ ਦੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਉੱਪਰ ਆਉਣ ਵਾਲੇ ਵਿਦਿਆਰਥੀਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਐੱਮ ਡੀ ਸ਼ਾਮ ਲਾਲ ਵੱਲੋਂ ਵਿਦਿਆਰਥੀਆਂ ਦੇ ਵਧੀਆ ਰਿਜ਼ਲਟ ਅਤੇ ਹੋਰਨਾਂ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਦਾ ਸਿਹਰਾ ਹੋਣਹਾਰ ਵਿਦਿਆਰਥੀਆਂ, ਸਕੂਲ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਦਿੱਤਾ। ਉਨ੍ਹਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਨਾਲ ਬਿਤਾਈਆਂ ਪੁਰਾਣੀਆਂ ਸਾਹਿਤਕ ਯਾਦਾਂ ਦਾ ਜ਼ਿਕਰ ਕੀਤਾ। ਮੁੱਖ ਮਹਿਰਾਨ ਪ੍ਰਿੰਸੀਪਲ ਰਾਏ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਸਫਲਤਾ ਪ੍ਰਾਪਤੀ ਦੇ ਤਰੀਕੇ ਦੱਸੇ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮੂਹ ਸਕੂਲ ਅਧਿਆਪਕਾਂ ਅਤੇ ਸਕੂਲ ਮੈਨੇਜਮੈਂਟ ਕਮੇਟੀ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਸਟਾਫ਼ ਹੈੱਡ ਮਿਸਟ੍ਰੈਸ ਹਰਪ੍ਰੀਤ ਕੌਰ, ਪੂਜਾ, ਅਮਨਦੀਪ ਕੌਰ, ਮਨਪ੍ਰੀਤ ਕੌਰ, ਗੁਰਜੀਤ ਕੌਰ, ਮਨਪ੍ਰੀਤ ਕੌਰ ਆਦਿ ਸ਼ਾਮਲ ਸਨ।



# ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੀ ਮਹੀਨਾਵਰ ਮੀਟਿੰਗ ਹੋਈ



**ਫ਼ਿਰੋਜ਼ਪੁਰ, 08 ਮਾਰਚ (ਮਨੋਹਰ ਲਾਲ) :—** ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੀ ਮਹੀਨਾ ਵਾਰ ਮੀਟਿੰਗ 8 ਨੰਬਰ ਚੁੰਗੀ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿਚ ਕਈ ਅਹਿਮ ਵਿਚਾਰਾਂ ਹੋਈਆਂ। ਇਸ ਮੌਕੇ ਤੇ ਕੈਪਟਨ ਜਰਨੈਲ ਸਿੰਘ ਨੇ ਸਾਬਕਾ ਸੈਨਿਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਤੇ ਪਟਿਆਲੇ ਤੋਂ ਵਿਸ਼ੇਸ਼ ਤੌਰ ਤੇ ਮੇਜਰ ਆਰ.ਪੀ.ਐਸ ਮਲਹੋਤਰਾ ਪਹੁੰਚੇ, ਜਿਨ੍ਹਾਂ ਨੇ ਇਕ ਨਵੀਂ ਰਾਜਨੀਤੀਕ ਪਾਰਟੀ ਬਣਾਉਣ ਬਾਰੇ ਵਿਚਾਰਾਂ ਕੀਤੀਆਂ। ਇਹ ਨਵੀਂ ਪਾਰਟੀ ਸਾਬਕਾ ਫੌਜੀਆਂ ਲਈ ਵਿਸ਼ੇਸ਼ ਤੌਰ ਤੇ ਬਣਾਈ ਗਈ ਹੈ, ਬਾਰੇ ਆਪਣੇ ਭਾਸ਼ਣ ਵਿਚ ਕਿਹਾ ਕਿ ਜਾਗੋ ਪੰਜਾਬ ਪਾਰਟੀ ਪੰਜਾਬ ਦੇ ਸਾਬਕਾ ਸੈਨਿਕਾਂ, ਬੁੱਧੀਜੀਵੀਆਂ ਅਤੇ ਨੌਜਵਾਨਾਂ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਤੁਸੀਂ ਦੇਸ਼ ਦੀ ਰੱਖਿਆ ਕੀਤੀ, ਹੁਣ ਪੰਜਾਬ ਨੂੰ ਤੁਹਾਡੀ ਹਿੰਮਤ, ਬੁੱਧੀ ਅਤੇ ਉਰਜਾ ਦੀ ਲੋੜ ਹੈ, ਇਸ ਲਈ ਹੁਣ ਸਾਬਕਾ ਫੌਜੀ ਰਾਜਨੀਤਕ ਮੈਦਾਨ ਵਿਚ ਆਇਆ ਹੈ ਤਾਂ ਜ਼ੋ ਸੈਨਿਕਾਂ ਦਾ ਸਨਮਾਨ ਵਾਪਸ ਲਿਆਂਦਾ ਜਾਵੇ ਅਤੇ ਪ੍ਰਸ਼ਾਸਨ ਤੋਂ ਇਜਤ ਮਿਲੇ ਅਤੇ ਨੌਜਵਾਨਾਂ ਨੂੰ ਮੌਕੇ ਮਿਲਣ ਅਤੇ ਸੂਬੇ ਨੂੰ ਸਹੀ ਦਿਸ਼ਾ ਮਿਲੇ। ਮੇਜਰ ਆਰ.ਪੀ.ਐਸ ਮਲਹੋਤਰਾ ਨੇ ਅੱਗੇ ਕਿਹਾ ਕਿ ਅੱਜ ਨਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਵਿਚ ਸਾਬਕਾ ਫੌਜੀਆਂ ਨੂੰ ਬਣਦਾ ਸਨਮਾਨ ਦਿੱਤਾ ਜਾਂਦਾ ਅਤੇ ਨਾ ਹੀ ਭਾਰਤ ਸਰਕਾਰ ਵੱਲੋਂ ਬਣਦਾ ਸਨਮਾਨ ਦਿੱਤਾ ਜਾਂਦਾ ਹੈ, ਨਾ ਹੀ ਪੰਜਾਬ ਸਰਕਾਰ ਸਾਬਕਾ ਫੌਜੀਆਂ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ। ਇਸ ਲਈ ਅਸੀਂ ਤਹੀਆ ਕੀਤਾ ਹੈ ਕਿ ਅਸੀਂ ਪੰਜਾਬ ਵਿਚ ਡੈਮੋਕਰੇਟਿਕ ਪਾਰਟੀ ਆਫ ਪੰਜਾਬ ਜਲਦੀ ਹੀ ਬਣਾ ਰਹੇ ਹਾਂ, ਜਿਸ ਦਾ ਅਸੀਂ ਸਾਰੇ ਕਾਗਜਾਤ ਅਤੇ ਸੰਵਿਧਾਨ ਬਣਾ ਲਿਆ ਹੈ ਅਤੇ 2027 ਵਿਚ ਅਸੀਂ ਪੰਜਾਬ ਵਿਚ ਇਲੈਕਸ਼ਨ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਲੜਾਂਗੇ। ਇਸ ਮੌਕੇ ਤੇ ਸ: ਚਰਨ ਸਿੰਘ ਕੀਰਤੀ ਚੱਕਰ ਨੇ ਕਿਹਾ ਕਿ ਅਸੀਂ ਨਵੀਂ ਪਾਰਟੀ ਬਣਾਉਣ ਦਾ ਤੁਹਾਡਾ ਸਮਰਥਨ ਕਰਦੇ ਹਾਂ ਅਤੇ ਅਸੀਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਤੁਰਾਂਗੇ ਅਤੇ ਨਵੀਂ ਪਾਰਟੀ ਦੀ ਹਮਾਇਤ ਕਰਾਂਗੇ। ਇਸ ਮੌਕੇ ਤੇ ਕੈਪਟਨ ਜਰਨੈਲ ਸਿੰਘ ਨੇ ਕਿਹਾ ਕਿ ਸਾਡੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਸਾਬਕਾ ਫੌਜੀ 35 ਹਜ਼ਾਰ ਹਨ, ਜੇਕਰ ਇਹ ਸਾਰੇ ਦਿਲੋਂ ਤੁਰ ਪੈਣ ਤਾਂ ਅਸੀਂ ਕਾਮਯਾਬ ਹੋ ਸਕਦੇ ਹਾਂ, ਪਰ ਜਦੋਂ ਇਲੈਕਸ਼ਨ ਆਉਂਦੀਆਂ ਹਨ ਤਾਂ ਸਾਡੇ ਕੁਝ ਸਾਬਕਾ ਫੌਜੀਆਂ ਨੂੰ ਗੁੰਮਰਾਹ ਕਰਕੇ ਵੋਟਾਂ ਲੈ ਲੈਂਦੇ ਹਨ, ਜਿਹੜੀ ਕਿ ਅੰਗਰੇਜਾਂ ਦੀ ਪੋਲਸੀ ਹੈ ਪਾੜੋ ਤੇ ਰਾਜ ਕਰੋ। ਇਸ ਮੌਕੇ ਤੇ ਕੈਪਟਨ ਲਖਵਿੰਦਰ ਸਿੰਘ ਨੇ ਸਟੇਜ਼ ਦੀ ਸੇਵਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਕੈਪਟਨ ਸੁਰਜੀਤ ਸਿੰਘ, ਕੈਪਟਨ ਲਖਵਿੰਦਰ ਸਿੰਘ, ਕੈਪਟਨ ਜਰਨੈਲ ਸਿੰਘ, ਚਰਨ ਸਿੰਘ ਕੀਰਤੀ ਚੱਕਰ, ਕੈਪਟਨ ਪਿਆਰਾ ਸਿੰਘ, ਕੈਪਟਨ ਬਖਸੀਸ਼ ਸਿੰਘ, ਹਿੰਮਤ ਸਿੰਘ, ਅਵਤਾਰ ਸਿੰਘ, ਬੂਟਾ ਸਿੰਘ, ਕੁਲਬੀਰ ਸਿੰਘ, ਰਜਿੰਦਰ ਸਿੰਘ, ਸੂਰਤ ਸਿੰਘ, ਅਮਰਜੀਤ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

## ਵੀਲਚੇਅਰ ਕ੍ਰਿਕਟ ਟੂਰਨਾਮੈਂਟ ਵਿੱਚ ਮੱਧ ਪ੍ਰਦੇਸ਼ ਦੀ ਟੀਮ ਬਣੀ ਵਿਜੇਤਾ—ਡਾ: ਅਭਿਸ਼ੇਕ ਅਰੋੜਾ ਨੇ ਕੀਤਾ ਸਨਮਾਨ



**ਫ਼ਿਰੋਜ਼ਪੁਰ, 08 ਮਾਰਚ (ਮਨੋਹਰ ਲਾਲ) :—** ਸ਼ਹਿਰ ਵਿੱਚ ਪਹਿਲੀ ਵਾਰ ਵੀਲਚੇਅਰ ਕ੍ਰਿਕਟ ਟੂਰਨਾਮੈਂਟ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਨੇ ਖੇਡ ਪ੍ਰੇਮੀਆਂ ਅਤੇ ਆਮ ਲੋਕਾਂ ਵਿੱਚ ਖਾਸਾ ਉਤਸ਼ਾਹ ਪੈਦਾ ਕੀਤਾ। ਇਸ ਵਿਸ਼ੇਸ਼ ਟੂਰਨਾਮੈਂਟ ਵਿੱਚ ਚੰਡੀਗੜ੍ਹ ਅਤੇ ਮੱਧ ਪ੍ਰਦੇਸ਼ ਦੀਆਂ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਫਾਈਨਲ ਮੁਕਾਬਲੇ ਵਿੱਚ ਜਗ੍ਹਾ ਬਣਾਈ। ਫਾਈਨਲ ਮੈਚ ਬਹੁਤ ਹੀ ਰੋਮਾਂਚਕ ਰਿਹਾ, ਜਿਸ ਵਿੱਧ ਮੱਧ ਪ੍ਰਦੇਸ਼ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਿੱਤ ਹਾਸਲ ਕਰ ਲਈ ਅਤੇ ਟਰਾਫੀ ਆਪਣੇ ਨਾਮ ਕੀਤੀ। ਸਮਾਪਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਅਮਨਦੀਪ ਹਸਪਤਾਲ ਦੇ ਫੈਸਿਲਿਟੀ ਡਾਇਰੈਕਟਰ ਡਾ: ਅਭਿਸ਼ੇਕ ਅਰੋੜਾ ਹਾਜ਼ਰ ਰਹੇ, ਉਨ੍ਹਾਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਖਿਡਾਰੀਆਂ ਦਾ ਹੁੰਸਲਾ ਵਧਾਇਆ। ਇਸ ਮੌਕੇ ਡਾ: ਅਭਿਸ਼ੇਕ ਅਰੋੜਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਆਯੋਜਨ ਸਮਾਜ ਨੂੰ ਸਕਾਰਾਤਮਕ ਦਿਸ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਮਨਦੀਪ ਹਸਪਤਾਲ ਹਮੇਸ਼ਾ ਅਜਿਹੀਆਂ ਸਮਾਜਿਕ ਅਤੇ ਸਾਂਝੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਦਾ ਹੈ, ਜੋ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਵੀਲਚੇਅਰ 'ਤੇ ਖੇਡ ਰਹੇ ਖਿਡਾਰੀਆਂ ਦੇ ਜਜ਼ਬੇ ਦੀ ਭਰਪੂਰ ਸਰਾਹਨਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਰੀਰਕ ਚੁਣੌਤੀਆਂ ਕਿਸੇ ਵੀ ਵਿਅਕਤੀ ਦੀ ਪ੍ਰਤਿਭਾ ਅਤੇ ਹੌਸਲੇ ਨੂੰ ਰੋਕ ਨਹੀਂ ਸਕਦੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਦਾ ਸਾਹਸ, ਆਤਮਵਿਸ਼ਵਾਸ ਅਤੇ ਸਕਾਰਾਤਮਕ ਸੋਚ ਸਮਾਜ ਲਈ ਪ੍ਰੇਰਣਾ ਹੈ ਅਤੇ ਨੌਜਵਾਨਾਂ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਮੁਸ਼ਕਲ ਹਾਲਾਤਾਂ ਵਿੱਚ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ। ਡਾ: ਅਰੋੜਾ ਨੇ ਅੱਗੇ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਆਯੋਜਨ ਵਿਸ਼ੇਸ਼ ਯੋਗਤਾ ਵਾਲੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮਹੱਤਵਪੂਰਨ ਮੰਚ ਪ੍ਰਦਾਨ ਕਰਦੇ ਹਨ ਅਤੇ ਸਮਾਜ ਵਿੱਚ ਸਮਾਨਤਾ, ਸਮਾਵੇਸ਼ਤਾ ਅਤੇ ਸਕਾਰਾਤਮਕ ਸੋਚ ਨੂੰ ਵਧਾਵਾ ਦਿੰਦੇ ਹਨ। ਅਜਿਹੇ ਆਯੋਜਨ ਸਮਾਜ ਵਿੱਚ ਨਵੀਂ ਉਰਜਾ ਅਤੇ ਪ੍ਰੇਰਣਾ ਦਾ ਸੰਚਾਰ ਕਰਦੇ ਹਨ।

### ਦਮਦਮੀ ਟਕਸਾਲ ਨੇ ਸਠਿਆਲਾ ਵਿਖੇ ਹੋਈ ਬੇਅਦਬੀ ਦਾ ਲਿਆ ਸਖਤ ਨੋਟਿਸ

# ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਬੇਅਦਬੀ ਕਰਨ ਵਾਲੇ ਨੂੰ ਮਿਲੇ ਮਿਸਾਲੀ ਸ਼ਜ਼ਾ-ਸੰਤ ਗਿ.ਹਰਨਾਮ ਸਿੰਘ ਖਾਲਸਾ







**ਚੌਕ ਮਹਿਤਾ,08ਮਾਰਚ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਸਠਿਆਲਾ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਨੌਵੀਂ ਪਾਤਿਸ਼ਾਹੀ ਧੜੇਆਣਾ ਸਾਹਿਬ ਵਿਖੇ ਬੀਤੇਂ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਦਾ ਜੋ ਮਾਮਲਾ ਸਾਹਮਣੇ ਆਇਆ ਹੈ,ਉਸਦਾ ਸਖਤ ਨੋਟਿਸ ਲੈਂਦਿਆਂ ਅੱਜ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੇ ਆਦੇਸ਼ਾਂ 'ਤੇ ਦਮਦਮੀ ਟਕਸਾਲ ਦੇ ਜ਼ਿੰਮੇਵਾਰ ਸਿੰਘਾਂ ਨੇ ਵਾਪਰੀ ਘਟਨਾ ਦਾ ਜ਼ਾਇਜ਼ਾ ਲਿਆ ਤੇ ਇਸ ਸਬੰਧੀ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਤੇ ਪਿੰਡ ਦੇ ਮੋਹਤਬਰਾਂ ਨਾਲ ਗੱਲਬਾਤ ਕੀਤੀ।

ਮੁੰਬਈ ਤੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਇਸ ਮੰਦਭਾਗੀ ਘਟਨਾ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਕਿਹਾ ਕਿ ਪ੍ਰਸ਼ਾਸ਼ਨ ਇਸ ਮਸਲੇ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹੋਏ ਫੜ੍ਹੇ ਗਏ ਮੁਜ਼ਰਮ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਕਰੇ ਤੇ ਪਤਾ ਲਗਾਵੇ ਕਿ ਇਸ ਗਲਤ ਹਰਕਤ ਪਿੱਛੇ ਦਾ ਅਸਲ ਸੱਚ ਕੀ ਹੈ ਤੇ ਕੌਣ ਸ਼ਰਾਰਤੀ ਦਿਮਾਗ ਅਜਿਹੇ ਘਟੀਆ ਮਨਸੂਬਿਆਂ ਨੂੰ ਅੰਜ਼ਾਮ ਦੇ ਰਿਹਾ ਹੈ ।ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਹਰ ਇੱਕ ਸਿੱਖ ਦਾ ਹਿਰਦਾ ਬੁਰੀ ਤਰ੍ਹਾਂ ਵਲੂੰਧਰਿਆਂ ਹੈ ਤੇ ਅਜਿਹੇ ਵਰਤਾਰੇ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ।ਇਸ ਲਈ ਸਰਕਾਰ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਹਰ ਹੀਲੇ ਨੱਥ ਪਾਈ ਜਾਵੇ ।ਦਮਮਦੀ ਟਕਸਾਲ ਮੁਖੀ ਨੇ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਪੜਤਾਲ ਕੀਤੀ ਜਾਵੇ ਤੇ ਫਾਸਟ ਟ੍ਰੈਕ 'ਚ ਅਦਾਲਤੀ ਕੇਸ ਚਲਾ ਕੇ ਦੋਸ਼ੀ ਨੂੰ ਇੱਕ ਮਿਸਾਲੀ ਸ਼ਜ਼ਾ ਦਿੱਤੀ ਜਾਵੇ ।

ਘਟਨਾ ਸਥਾਨ 'ਤੇ ਪੁੱਜੇ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ,ਗਿਆਨੀ ਸਾਹਬ ਸਿੰਘ,ਪ੍ਰਿੰ.ਹਰਸ਼ਦੀਫ ਸਿੰਘ ਰੰਧਾਵਾ,ਡਾ.ਅਵਤਾਰ ਸਿੰਘ ਬੁੱਟਰ ,ਸਰਪੰਚ ਕਸ਼ਮੀਰ ਸਿੰਘ ,ਬਾਬਾ ਬੋਹੜ ਸਿੰਘ ਤੇ ਪ੍ਰਿੰ. ਜੋਬਨਪ੍ਰੀਤ ਸਿੰਘ ਨੇ ਕਿਹਾ ਕਿ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾਂ ਦਿਵਾਉਣ ਲਈ ਦਮਦਮੀ ਟਕਸਾਲ ਵੱਲੋਂ ਪ੍ਰਸ਼ਾਸ਼ਨ ਤੇ ਸੰਗਤਾਂ ਦਾ ਹਰ ਪੱਖੋਂ ਸਾਥ ਦਿੱਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਰਕਾਰ ਦਾ 1000 ਦਾ ਨੋਟ



ਬਹੁਜਨ ਸਾਥੀਓ ਮੌਜੂਦਾ ਸਰਕਾਰ ਵਾਹਦੇ ਮੁਤਾਬਕ ਸਾਡੀਆਂ ਭੈਣਾਂ ਨੂੰ 48-48 ਹਜ਼ਾਰ ਰੁਪਏ ਦੇਣੇ ਸੀ, ਉੱਥੇ ਸਿਰਫ਼ ਖਾਨਾਪੂਰੀ ਕਰਕੇ ਕੇਵਲ 1000 ਰੁਪਏ ਦੀ ਕਿਸ਼ਤ ਦੇ ਕੇ ਲੋਕਾਂ ਦੀਆਂ ਵੋਟਾਂ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਸਾਥੀਓ ਜਾਗਦੇ ਰਹੋ, ਕਿਉਂਕਿ ਇੱਕ ਵਾਰ ਫਿਰ ਤੁਹਾਡੀ ਵੋਟ 'ਤੇ ਡਾਕਾ ਪੈਣ ਵਾਲਾ ਹੈ।

ਕਦੇ ਵੀ ਇਨ੍ਹਾਂ ਲੁਟੇਰਿਆਂ ਦੀਆਂ ਗੱਲਾਂ ਵਿੱਚ ਨਾ ਆਉਣਾ।

ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦਿਓ ਅਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਬਸਪਾ ਦੀ ਸਰਕਾਰ ਬਣਾਓ, ਤਾਂ ਜੋ ਤੁਹਾਨੂੰ ਮਾਣ-ਸਤਿਕਾਰ ਮਿਲ ਸਕੇ।

ਜਿਵੇਂ ਉੱਤਰ ਪ੍ਰਦੇਸ਼ ਵਿੱਚ ਬਸਪਾ ਸਰਕਾਰ ਦੇ ਸਮੇਂ ਗਰੀਬ ਭਾਈਚਾਰੇ ਨੂੰ ਤਿੰਨ-ਤਿੰਨ ਕਿੱਲੇ ਜ਼ਮੀਨ, ਪੱਕੇ ਮਕਾਨ ਅਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਬਸਪਾ ਸਰਕਾਰ ਬਣਨ 'ਤੇ ਇਹ ਵਾਅਦੇ ਪੂਰੇ ਕੀਤੇ ਜਾਣਗੇ।

ਬਸਪਾ ਸਰਕਾਰ ਬਣਨ 'ਤੇ:ਪੰਜਾਬ ਵਿੱਚੋਂ ਨਸ਼ੇ ਦਾ ਖਾਤਮਾ ਕੀਤਾ ਜਾਵੇਗਾ

ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਪੂਰੀ ਕੀਤੀ ਜਾਵੇਗੀ

ਹਸਪਤਾਲਾਂ ਵਿੱਚ ਸਹੂਲਤਾਂ ਵਧਾਈਆਂ ਜਾਣਗੀਆਂ ਤਾਂ ਜੋ ਗਰੀਬ ਲੋਕ ਦਵਾਈ ਦੀ ਘਾਟ ਕਰਕੇ ਨਾ ਮਰਨ

ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ

ਇਹ ਸਭ ਕੁਝ ਤਦੋਂ ਹੀ ਸੰਭਵ ਹੈ ਜੇ ਤੁਸੀਂ ਆਪਣਾ ਕੀਮਤੀ ਵੋਟ ਬਹੁਜਨ ਸਮਾਜ ਪਾਰਟੀ ਨੂੰ ਦਿਓ। ਇਹ ਗਰੀਬਾਂ ਦੀ ਪਾਰਟੀ ਹੈ ਅਤੇ ਗਰੀਬਾਂ ਦਾ ਦਰਦ ਸਮਝਦੀ ਹੈ। ਇਹ ਤੁਹਾਡੇ ਨਾਲ ਝੂਠੇ ਵਾਅਦੇ ਨਹੀਂ ਕਰੇਗੀ, ਸਗੋਂ ਤੁਹਾਡੀਆਂ ਸਮੱਸਿਆਵਾਂ ਦਾ ਹੱਲ ਕਰੇਗੀ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਵੋਟ ਸਾਨੂੰ ਵੇਚਣ ਲਈ ਨਹੀਂ ਦਿੱਤੀ, ਸਗੋਂ ਆਪਣਾ ਰਾਜ ਚੁਣਨ ਲਈ ਦਿੱਤੀ ਹੈ। ਉਨ੍ਹਾਂ ਕਿਹਾ ਸੀ ਕਿ ਆਪਣੀਆਂ ਕੰਧਾਂ 'ਤੇ ਲਿਖ ਲਵੋ ਕਿ ਇੱਕ ਦਿਨ ਤੁਸੀਂ ਇਸ ਦੇਸ਼ ਦੇ ਰਾਜੇ ਬਣਨਾ ਹੈ। ਜਿਨ੍ਹਾਂ ਦਾ ਰਾਜ ਹੁੰਦਾ ਹੈ, ਉਨ੍ਹਾਂ ਵੱਲ ਕੋਈ ਅੱਖ ਚੁੱਕ ਕੇ ਨਹੀਂ ਵੇਖ ਸਕਦਾ।

ਆਓ ਸਾਥੀਓ, ਆਪਣੀ ਵੋਟ ਦਾ ਸਹੀ ਇਸਤੇਮਾਲ ਕਰੀਏ ਅਤੇ ਆਪਣੇ ਬੱਚਿਆਂ ਲਈ ਸਿਹਤ, ਸਿੱਖਿਆ ਅਤੇ ਰੁਜ਼ਗਾਰ ਵਾਲਾ ਭਵਿੱਖ ਬਣਾਈਏ। ਨਸ਼ਿਆਂ ਤੋਂ ਛੁਟਕਾਰਾ ਪਾਈਏ ਅਤੇ ਆਪਣੀ ਜਵਾਨੀ ਨੂੰ ਬਚਾਈਏ।

**ਜੈ ਭੀਮ, ਜੈ ਭਾਰਤ, ਜੈ ਭਾਰਤੀ ਸੰਵਿਧਾਨ**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ**

**-ਡਾ. ਜਗਜੀਵਨ ਸਿੰਘ, ਇੰਚਾਰਜ, ਬਹੁਜਨ ਸਮਾਜ ਪਾਰਟੀ, ਜ਼ਿਲ੍ਹਾ ਬਰਨਾਲਾ**

# ਕੌਮਾਂਤਰੀ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਔਰਤਾਂ ਨੂੰ ਵੱਡਾ ਤੋਹ.ਫਾ; ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਐਲਾਨ

## ਦੇਸ਼ ਦੇ ਇਤਿਹਾਸ ਵਿੱਚ ਨਾਰੀ ਸ਼ਕਤੀਕਰਨ ਲਈ ਸਭ ਤੋਂ ਵੱਡੀ ਯੋਜਨਾ ਲਾਗੂ ਕੀਤੀ ਗਈ : ਦਲਵੀਰ ਸਿੰਘ ਢਿੱਲੋਂ

**ਧੂਰੀ (ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ ਪੇਸ਼ ਕੀਤੇ ਗਏ ਸਾਲ 2026-27 ਦੇ ਬਜਟ ਨੂੰ ਧੂਰੀ ਵਿਧਾਨ ਸਭਾ ਹਲਕੇ ਦੀਆਂ ਔਰਤਾਂ ਵੱਲੋਂ ਵੱਡੇ ਉਤਸ਼ਾਹ ਨਾਲ ਸਥਾਨਕ ਬਿਰਧ ਆਸ਼ਰਮ ਧੂਰੀ ਵਿਖੇ ਲਾਈਵ ਦੇਖਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਇਕੱਠੀਆਂ ਹੋਈਆਂ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਮਹਿਲਾਵਾਂ ਦੇ ਹਿੱਤ ਵਿੱਚ ਲਏ ਗਏ ਇਤਿਹਾਸਕ ਫੈਸਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਲੀਡਰਸ਼ਿਪ ਆਮ ਆਦਮੀ ਪਾਰਟੀ ਅਤੇ ਵਿਧਾਨ ਸਭਾ ਹਲਕਾ ਧੂਰੀ ਦੇ ਵਰਕਰ ਵੀ ਮੌਜੂਦ ਰਹੇ ਜਿਨ੍ਹਾਂ ਨੇ ਮਹਿਲਾਵਾਂ ਨਾਲ ਮਿਲ ਕੇ ਬਜਟ ਨੂੰ ਧਿਆਨ ਨਾਲ ਸੁਣਿਆ ਅਤੇ ਸਰਕਾਰ ਵੱਲੋਂ ਕੀਤੀਆਂ ਲੋਕ-ਭਲਾਈ ਪਹਿਲਕਦਮੀਆਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਮੌਜੂਦ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ 'ਤੇ "ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ" ਦਾ ਐਲਾਨ ਕਰਕੇ ਸੂਬੇ ਦੀਆਂ ਔਰਤਾਂ ਨੂੰ ਇੱਕ ਵੱਡਾ ਤੋਹ.ਫਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਦੇਸ਼ ਦੇ ਇਤਿਹਾਸ ਵਿੱਚ ਨਾਰੀ ਸ਼ਕਤੀਕਰਨ ਲਈ ਲਾਗੂ ਕੀਤੀਆਂ ਸਭ ਤੋਂ ਵੱਡੀਆਂ ਯੋਜਨਾਵਾਂ ਵਿੱਚੋਂ ਇੱਕ ਹੈ, ਜਿਸ ਦਾ ਲਾਭ ਸੂਬੇ ਦੀਆਂ ਕਰੀਬ 97 ਫ਼ੀਸਦੀ ਔਰਤਾਂ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਪੰਜਾਬ ਸਰਕਾਰ ਵੱਲੋਂ ਸਾਰੀਆਂ ਬਾਲਗ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਅਤੇ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਸਿੱਧੇ ਤੌਰ 'ਤੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫ਼ਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸੂਬੇ ਦੀਆਂ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਮਾਜਿਕ ਸਥਿਤੀ ਨੂੰ ਵੀ ਮਜ਼ਬੂਤੀ ਦੇਵੇਗੀ। ਇਸ ਮੌਕੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਿਧੀਵਤ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਦਿਆਂ ਬਿਜਲੀ, ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਦੇ ਖੇਤਰਾਂ ਵਿੱਚ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਨੂੰ ਲਗਾਤਾਰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੰਨਣਾ ਹੈ ਕਿ ਨਾਰੀ ਦੀ ਤਰੱਕੀ ਨਾਲ ਹੀ ਪਰਿਵਾਰ, ਸਮਾਜ ਅਤੇ ਦੇਸ਼ ਦੀ ਤਰੱਕੀ ਸੰਭਵ ਹੈ। ਇਸੇ ਸੋਚ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਇਹ ਮਹੱਤਵਪੂਰਨ ਯੋਜਨਾ ਸ਼ੁਰੂ ਕੀਤੀ ਗਈ ਹੈ, ਜੋ ਸੂਬੇ ਦੀਆਂ ਮਹਿਲਾਵਾਂ ਲਈ ਆਰਥਿਕ ਸਹਾਰਾ ਸਾਬਤ ਹੋਵੇਗੀ ਅਤੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਮਦਦ ਕਰੇਗੀ। ਇਸ ਮੌਕੇ ਹਲਕੇ ਦੀਆਂ ਮਹਿਲਾਵਾਂ ਨੇ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਲਈ ਲਏ ਗਏ ਇਸ ਇਤਿਹਾਸਕ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ "ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ" ਨਾਲ ਔਰਤਾਂ ਨੂੰ ਆਰਥਿਕ ਮਜ਼ਬੂਤੀ ਮਿਲੇਗੀ ਅਤੇ ਇਹ ਯੋਜਨਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਲਿਆਏਗੀ। ਉਨ੍ਹਾਂ ਨੇ ਇਸ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ। ਇਸ ਮੌਕੇ ਮੈਂਬਰ, ਵਕਫ਼ ਬੋਰਡ ਪੰਜਾਬ ਡਾ. ਅਨਵਰ ਭਸੌੜ, ਡਾਇਰੈਕਟਰ, ਸਮਾਲ ਇੰਡਸਟਰੀਜ਼ ਅਨਿਲ ਮਿੱਤਲ, ਚੇਅਰਮੈਨ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ,ਚੇਅਰਮੈਨ ਟਰੇਡ ਵਿੰਗ ਧੂਰੀ ਪੁਸ਼ਿਪੰਦਰ ਸਰਮਾ, ਮੈਂਬਰ ਜ਼ਿਲਾ ਪ੍ਰੀਸ਼ਦ ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰ, ਦਰਸ਼ਨ ਸਿੰਘ ਪਾਠਕ, ਵੀਰਭਾਨ, ਸੁਖਪਾਲ ਸਿੰਘ, ਅਜੈਬ ਸਿੰਘ, ਐਡਵੋਕੇਟ ਹੈਪੀ ਗਰਗ ਸਮੇਤ ਆਮ ਆਦਮੀ ਪਾਰਟੀ ਦੀ ਸਮੂਹ ਟੀਮ ਦੇ ਮੈਂਬਰ ਹਾਜ਼ਰ ਸਨ।

# ਭਾਜਪਾ ਦੀ ਮੋਗਾ ਰੈਲੀ ਪੰਜਾਬ ਦੀ ਸਿਆਸਤ 'ਚ ਨਵਾਂ ਮੋੜ ਲਿਆਵੇਗੀ: ਸਾਨੀਆਂ ਸ਼ਰਮਾ

ਲੁਧਿਆਣਾ (ਰਣਜੀਤ ਸਿੰਘ ਪੇਧਨੀ ) ਭਾਰਤੀ ਜਨਤਾ ਪਾਰਟੀ ਪੰਜਾਬ ਵੱਲੋਂ 14 ਮਾਰਚ ਨੂੰ ਮੋਗਾ ਵਿਖੇ ਕਰਵਾਈ ਜਾ ਰਹੀ ਬਦਲਾਅ ਰੈਲੀ ਨੂੰ ਲੈ ਕੇ ਆਵੇਗੀ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਸਾਨੀਆਂ ਸ਼ਰਮਾ ਪ੍ਰਧਾਨ ਮਹਿਲਾ ਮੋਰਚਾ ਦਿਹਾਤੀ ਬੀਜੇਪੀ ਲੁਧਿਆਣਾ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਰੈਲੀ ਸੂਬੇ ਦੀ ਸਿਆਸਤ ਵਿਚ ਨਵਾਂ ਸੰਦੇਸ਼ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਵੱਡੇ ਇਕੱਠ ਨੂੰ ਸੰਬੋਧਨ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ਾਸ ਤੌਰ 'ਤੇ ਪਹੁੰਚ ਰਹੇ ਹਨ ਅਤੇ ਸੂਬੇ ਭਰ ਤੋਂ ਭਾਜਪਾ ਵਰਕਰ ਵੱਡੀ ਗਿਣਤੀ ਚ ਮੋਗਾ ਪਹੁੰਚਣਗੇ। ਭਾਜਪਾ ਆਗੂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਚੋਣ ਗਾਰੰਟੀਆਂ ਪੂਰੀਆਂ ਕਰਨ 'ਚ ਅਸਫਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਨੂੰਨ ਵਿਵਸਥਾ ਦੀ ਸਥਿਤੀ ਬੇਹਾਲ ਹੈ ਅਤੇ ਨਸ਼ਾ ਅਤੇ ਮਾਈਨਿੰਗ ਮਾਫ਼ੀਆ ਨਾਲ ਮਿਲੀਭੁਗਤ ਕਰਕੇ ਭ੍ਰਿਸ਼ਟਾਚਾਰ ਬੇਕਾਬੂ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁਫਤ ਯੋਜਨਾਵਾਂ ਦੇ ਬਕਾਏ ਨਾ ਮਿਲਣ ਕਾਰਨ ਬਿਜਲੀ ਬੋਰਡ ਅਤੇ ਪੰਜਾਬ ਰੋਡਵੇਜ਼ ਭਾਰੀ ਘਾਟੇ 'ਚ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਲੋਕ ਬਦਲਾਅ ਲਿਆਉਣਗੇ ਅਤੇ ਸੂਬੇ ਚ ਭਾਜਪਾ ਦੀ ਡਬਲ ਇੰਜਣ ਸਰਕਾਰ ਬਣੇਗੀ ਜੋ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਅੱਗੇ ਵਧਾਏਗੀ।

### ਮਹਿਲਾ ਦਿਵਸ ਵਾਲੇ ਦਿਨ ਮ੍ਰਿਤਕ ਮਹਿਲਾ ਪਰਿਵਾਰ ਵੱਲੋਂ ਇਨਸਾਫ਼ ਲੈਣ ਲਈ ਦਿੱਤਾ ਧਰਨਾ

# ਸਹੁਰੇ ਪ੍ਰੀਵਾਰ ਤੇ ਕਤਲ ਕਰਨ ਦੇ ਲਾਏ ਦੋਸ਼ ਪ੍ਰਸ਼ਾਸਨ ਨੇ ਦਿੱਤਾ ਭਰੋਸਾ






**ਜੰਡਿਆਲਾ ਗੁਰੂ, 8 ਮਾਰਚ ( ਕੁਲਵੰਤ ਸਿੰਘ ਵਿਰਦੀ )**-ਅੱਜ ਦੇਸ ਭਰ ਵਿੱਚ ਮਹਿਲਾ ਦਿਵਸ ਬੜੇ ਜੋਸੋ ਖਰੋਸ ਨਾਲ ਮਨਾਇਆ ਜਾ ਰਿਹਾ ਹੈ ਅਤੇ ਮਹਿਲਾਵਾਂ ਦੇ ਰੁਤਬੇ ਨੂੰ ਵੇਖਦਿਆਂ ਹੋਇਆ ਸੋਸ਼ਲ ਮੀਡੀਆ ਪਲੇਟਫਾਰਮ ਤੇ ਮਹਿਲਾ ਦਿਵਸ ਸੰਬੰਧੀ ਪੋਸਟਾਂ ਸੇਅਰ ਕੀਤੀਆਂ ਜਾ ਰਹੀਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਭੈਣਾਂ ਦੇ ਸਤਿਕਾਰ ਵੱਜੋ ਅੱਜ ਸਕੀਮ ਨੂੰ ਹਰੀ ਝੰਡੀ ਦਿੱਤੀ ਜਾ ਹੈ ਪਰ ਦੂਜੇ ਪਾਸੇ ਇਕ ਧੀ ਦੀ ਹੋਈ ਮੌਤ ਤੇ ਮਾਪਿਆਂ ਨੇ ਧਰਨਾ ਲਗਾ ਕਿ ਆਪਣੀ ਧੀ ਨੂੰ ਇਨਸਾਫ ਦੇਣ ਲਈ ਰਾਸ਼ਟਰੀ ਸੜਕ ਬੰਦ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਜਾ ਰਹੀ ! ਗੱਲ ਕਰ ਰਹੇ ਹਾਂ ਜੰਡਿਆਲਾ ਗੁਰੂ ਅਧੀਨ ਆਉਂਦੇ ਪਿੰਡ ਗਹਿਰੀ ਮੰਡੀ ਵਿਖੇ ਇਕ ਨਵ ਵਿਆਹੁਤਾ ਦੀ ਬੀਤੇ ਦਿਨੀਂ ਗੋਲੀ ਵੱਜਣ ਨਾਲ ਮੌਤ ਹੋ ਗਈ ਸੀ ਜਿਸ ਸਬੰਧੀ ਨਵ ਵਿਆਹੁਤਾ ਲੜਕੀ ਦੇ ਪਰਿਵਾਰ ਵੱਲੋਂ ਪੁਲਿਸ ਕਾਰਵਾਈ ਕਰਵਾਉਂਦਿਆਂ ਹੋਇਆ ਸਾਰੇ ਪਰਿਵਾਰ ਤੇ ਲੜਕੀ ਨੂੰ ਮਾਰਨ ਦਾ ਮਾਮਲਾ ਦਰਜ ਕਰਵਾਇਆ ਗਿਆ ਇਸੇ ਸਬੰਧ ਵਿੱਚ ਜੰਡਿਆਲਾ ਗੁਰੂ ਹਾਈਵੇ ਤੇ ਅੱਜ ਧਰਨਾ ਲਗਾਇਆ ਗਿਆ ਜਿਸ ਨਾਲ ਦੋਨੋਂ ਸਾਈਡਾਂ ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਅਤੇ ਲੰਬੀਆਂ ਕਤਾਰਾਂ ਲੱਗੀਆਂ ਲੋਕ ਜਾਮ ਵਿੱਚ ਫਸੇ ਰਹੇ ਏਅਰਪੋਰਟ ਤੇ ਜਾਣ ਵਾਲੇ ਰਾਹਗੀਰ ਅਤੇ ਬਰਾਤਾਂ ਵੀ ਜਾਮ ਵਿੱਚ ਫਸੀਆਂ ਦਿਖਾਈ ਦਿਤੀਆਂ ! ਇਸ ਮੌਕੇ ਮ੍ਰਿਤਕ ਨਵਿੰਦਰ ਕੌਰ ਦੇ ਤਾਇਆ ਬਲਵਿੰਦਰ ਸਿੰਘ ਵਾਸੀ ਗੁਰਨਾਮ ਨਗਰ ਸੁਲਤਾਨ ਵਿੰਡ ਅੰਮ੍ਰਿਤਸਰ ਨੇ ਦੱਸਿਆ ਕਿ ਬੀਤੀ ਚਾਰ ਫਰਵਰੀ ਨੂੰ ਅਮਰਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਗਹਿਰੀ ਮੰਡੀ ਨਾਲ ਵਿਆਹ ਹੋਇਆ ਸੀ। ਅਤੇ ਕੁਝ ਦਿਨ ਬਾਅਦ ਹੀ ਲੜਕੀ ਨੂੰ ਤੰਗ ਪ੍ਰੇਸਾਨ ਕੀਤਾ ਜਾਂਦਾ ਸੀ ਬੀਤੇ ਕੱਲ ਉਹਨਾਂ ਨੂੰ ਲੜਕੀ ਦੇ ਸਹੁਰੇ ਪਰਿਵਾਰ ਦਾ ਫੋਨ ਆਇਆ ਕਿ ਲੜਕੀ ਦੀ ਤਬੀਅਤ ਖਰਾਬ ਹੈ ਜਦੋਂ ਲੜਕੀ ਦੇ ਪਰਿਵਾਰ ਨੇ ਆ ਕੇ ਪਹੁੰਚੇ ਤਾਂ ਲੜਕੀ ਲਹੂ ਲੁਹਾਨ ਹੋਈ ਤੇ ਡੈਡ ਬਾਡੀ ਬੈਡ ਤੇ ਪਈ ਸੀ ਗੋਲੀ ਲੜਕੀ ਨਵਿੰਦਰ ਕੌਰ ਦੇ ਸਿਰ ਵਿੱਚ ਵੱਜੀ ਸੀ ਇਸ ਮੌਕੇ ਜੰਡਿਆਲਾ ਥਾਣੇ ਦੇ ਐਸਐਚਉ ਨਰੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਲੜਕੀ ਨਵਿੰਦਰ ਕੌਰ ਦੇ ਕਤਲ ਦੇ ਸੰਬੰਧ ਵਿੱਚ ਸਹੁਰਾ ਪਰਿਵਾਰ ਦੇ ਚਾਰ ਪਰੀਵਾਰਕ ਮੈਬਰਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ ਕੇਸ ਦਰਜ ਹੋਣ ਤੋਂ ਬਾਅਦ ਅੱਜ ਲੜਕੀ ਪਰਿਵਾਰ ਵੱਲੋਂ ਸਹੁਰੇ ਪਰਿਵਾਰ ਦੇ ਜੀਆਂ ਨੂੰ ਗ੍ਰਿਫਤਾਰ ਨਾ ਕਰਨ ਸਬੰਧੀ ਜੀਟੀ ਰੋਡ ਜੰਡਿਆਲਾ ਜਲੰਧਰ ਹਾਈਵੇ ਨੂੰ ਜਾਮ ਕਰ ਦਿੱਤਾ ਜਾਮ ਲੱਗਣ ਤੋਂ ਬਾਅਦ ਹਾਈਵੇ ਦੇ ਦੋਨੋਂ ਪਾਸੇ ਲੰਬੀਆਂ ਕਤਾਰਾਂ ਲੱਗ ਗਈਆਂ ਰਾਹਗੀਰਾਂ ਨੂੰ ਬਹੁਤ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ ਇਸ ਸਬੰਧੀ ਐਸਐਚਓ ਨਰੇਸ਼ ਕੁਮਾਰ ਨੇ ਲੜਕੀ ਪਰਿਵਾਰ ਦੇ ਸਬੰਧੀਆਂ ਨਾਲ ਗੱਲ ਕੀਤੀ ਕਿ ਜੀਟੀ ਰੋਡ ਤੋਂ ਧਰਨਾ ਚੁੱਕ ਦਿਓ ਜੋ ਵੀ ਤੁਹਾਡੀ ਜਾਇਜ਼ ਮੰਗ ਹੈ ਉਹ ਅਸੀਂ ਸੁਣਨ ਨੂੰ ਤਿਆਰ ਹਾਂ ਲੜਕੀ ਵਾਲੇ ਨਹੀਂ ਮੰਨੇ ਅਤੇ ਜਿੱਦ ਤੇ ਅੜੇ ਰਹੇ ਅਤੇ ਉਹਨਾਂ ਨੇ ਜਾਮ ਜਾਰੀ ਰੱਖਿਆ ਇਸ ਉਪਰੰਤ ਥਾਣਾ ਜੰਡਿਆਲਾ ਗੁਰੂ ਡੀਐਸਪੀ ਰਵਿੰਦਰ ਸਿੰਘ ਵੀ ਮੌਕੇ ਦੇ ਪਹੁੰਚੇ ਉਹਨਾਂ ਨੇ ਪਰਿਵਾਰ ਵਾਲਿਆਂ ਨਾਲ ਗੱਲ ਕੀਤੀ ਅਤੇ ਉਹਨਾਂ ਨੂੰ ਪੂਰੀ ਤਸੱਲੀ ਦਵਾਈ ਕਿ ਜੋ ਵੀ ਗੱਲਬਾਤ ਹੈ ਤੁਸੀਂ ਟੇਬਲ ਤੇ ਬੈਠ ਕੇ ਸਾਡੇ ਨਾਲ ਕਰੋ ਤੁਹਾਨੂੰ ਪੂਰਾ ਇਨਸਾਫ ਦਿਵਾਇਆ ਜਾਵੇਗਾ ਉਹਨਾਂ ਨੇ ਕਿਹਾ ਕਿ ਜਿਨਾਂ ਤਿੰਨਾਂ ਖਿਲਾਫ ਤੁਸੀਂ ਕੰਪਲੇਂਟ ਦਰਜ ਕਰਵਾਈ ਹੈ ਉਹਨਾਂ ਉਪਰ ਪਰਚਾ ਕੱਟ ਦਿੱਤਾ ਹੈ। ਅਗਰ ਫਿਰ ਵੀ ਕੋਈ ਤੁਹਾਡੀ ਗੱਲ ਰਹਿ ਗਈ ਹੈ ਤਾਂ ਤੁਸੀਂ ਬੈਠ ਕੇ ਗੱਲ ਕਰ ਸਕਦੇ ਹੋ ਅਤੇ ਅਸੀਂ ਤੁਹਾਡੀ ਪੂਰੀ ਤਸੱਲੀ ਕਰਾਵਾਂਗੇ ਪਰ ਤੁਸੀਂ ਜੀਟੀ ਰੋਡ ਤੋਂ ਧਰਨਾ ਚੁੱਕ ਲਓ ਜਿਸ ਨਾਲ ਪਬਲਿਕ ਨੂੰ ਆਵਾਜਾਈ ਵਿੱਚ ਬਹੁਤ ਦਿੱਕਤ ਪਰੇਸ਼ਾਨੀਆਂ ਆ ਰਹੀਆਂ ਹਨ ਆਖਿਰ ਸਹਿਮਤੀ ਬਣ ਗਈ ਤੇ ਧਰਨਾ ਚੁੱਕ ਲਿਆ ਗਿਆ ! ਇਸ ਸਬੰਧੀ ਲੜਕੇ ਦੇ ਪਰਿਵਾਰ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਲੜਕੀ ਨੇ ਸੁਸਾਈਡ ਕੀਤਾ ਹੈ। ਲੜਕੀ ਨੇ ਆਪਣੇ ਸਿਰ ਵਿੱਚ ਆਪੇ ਗੋਲੀ ਮਾਰੀ ਹੈ। ਜਿਸ ਸਮੇਂ ਲੜਕੀ ਨੂੰ ਗੋਲੀ ਲੱਗੀ ਉਸ ਸਮੇਂ ਘਰ ਵਿੱਚ ਪਰਿਵਾਰ ਦਾ ਕੋਈ ਵੀ ਪ੍ਰੀਵਾਰਕ ਮੈਂਬਰ ਮੌਜੂਦ ਨਹੀਂ ਸੀ।

### ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ

# ਹਰਦੀਪ ਸਿੰਘ ਗਿੱਲ ਨੇ ਦਮਦਮੀ ਟਕਸਾਲ ਵਿਖੇ ਨਤਮਸਤਕ

ਚੌਕ ਮਹਿਤਾ 8ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ):– ਅੱਜ ਹਲਕਾ ਜੰਡਿਆਲਾ ਗੁਰੂ ਦੇ ਨੌਜਵਾਨ ਨੇਤਾ ਹਰਦੀਪ ਸਿੰਘ ਗਿੱਲ ਜੋ ਕਿ ਹਲਕਾ ਜੰਡਿਆਲਾ ਤੋਂ ਬੀਜੇਪੀ ਦੇ ਹਲਕਾ ਇੰਚਾਰਜ ਸਨ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਬਹੁਤ ਹੀ ਵੱਡੀ ਜਿੰਮੇਵਾਰੀ ਦੇ ਕੇ ਨਿਵਾਜਿਆ ਗਿਆ ਪਾਰਟੀ ਹਾਈ ਕਮਾਂਡ ਵੱਲੋਂ ਹਰਦੀਪ ਸਿੰਘ ਗਿੱਲ ਨੂੰ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦਾ ਵਾਈਸ ਚੇਅਰਮੈਨ ਅਹੁਦਾ ਦੇ ਕੇ ਨਿਵਾਜਿਆ ਗਿਆ ਜਿੱਥੇ ਕੱਲ ਅੰਮ੍ਰਿਤਸਰ ਤੋਂ ਹੁੰਦੇ ਹੋਏ ਹਰਦੀਪ ਗਿੱਲ ਅੱਜ ਆਪਣੇ ਹਲਕੇ ਵਿੱਚ ਦਮਦਮੀ ਟਕਸਾਲ ਜਥਾ ਭਿੰਡਰਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਨਤਮਸਤਕ ਹੋਏ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਦਮਦਮੀ ਟਕਸਾਲ ਦੇ ਜ਼ਿਮੇਵਾਰ ਸਿੰਘਾ ਗਿਆਨੀ ਸਾਹਿਬ ਸਿੰਘ, ਸੰਤ ਬਾਬਾ ਅਜੀਤ ਸਿੰਘ ਮੁੱਖੀ ਤਰਨਾ ਦਲ ਚੌਕ ਮਹਿਤਾ,ਪਿਰੰਸੀਪਲ ਹਰਸ਼ਦੀਪ ਸਿੰਘ ਰੰਧਾਵਾ,ਡਾ,ਅਵਤਾਰ ਸਿੰਘ ਬੁੱਟਰ,ਭਾਈ ਹਰਚੰਦ ਸਿੰਘ, ਭਾਈ ਗੁਰਬਾਜ ਸਿੰਘ ਨੇ ਸਿਰੋਪਾ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਇਸ ਮੌਕੇ ਉਹਨਾਂ ਨੇ ਪ੍ਰੈਸ ਕਰਮੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਇਹ ਕਮਿਸ਼ਨ ਬਣਿਆ ਗਿਆ ਹੈ ਤੇ ਦਲਿਤ ਭਾਈਚਾਰੇ ਅਤੇ ਸਫਾਈ ਕਰਮਚਾਰੀਆਂ ਇਦਾਂ ਦਾ ਖਿਆਲ ਰੱਖਣਾ ਤੇ ਉਹਨਾਂ ਜੀਵਨ ਪੱਧਰ ਉੱਚਾ ਚੁੱਕਣਾ ਹੈ। ਉਨ੍ਹਾਂ ਨੇ ਅਹੁਦਾ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਇਹਨਾਂ ਕਰਮਚਾਰੀਆਂ ਦੇ ਹੱਕਾਂ ਦਾ ਪੂਰਾ ਖਿਆਲ ਰੱਖਿਆ ਜਾਵੇਗਾ ਅਤੇ ਕਿਸੇ ਨੂੰ ਵੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਉਹਨਾਂ ਨੇ ਕਿਹਾ ਜੇਕਰ ਕਿਸੇ ਵੀ ਸਫਾਈ ਕਰਮਚਾਰੀ ਨੂੰ ਕੋਈ ਮੁਸ਼ਿਕਲ ਆਉਂਦੀ ਹੈ ਤਾਂ ਕਮਿਸ਼ਨ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ ਉਹਨਾਂ ਨੇ ਕੱਲ ਅੰਮ੍ਰਿਤਸਰ ਵਿਖੇ ਡੀਸੀ ਦਫਤਰ ਅਤੇ ਨਗਰ ਅਧਿਕਾਰੀਆਂ ਨਾਲ ਹੀ ਮਿਲਨੀ ਕੀਤੀ ਉਹਨਾਂ ਨੇ ਯਕੀਨੀ ਬਣਾਉਣ ਬਾਰੇ ਕਿਹਾ ਕਿ ਇਹਨਾਂ ਦੇ ਹਿੱਤਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇ । ਇਸ ਮੌਕੇ ਅੱਗੇ ਹੋਰ ਤਰੱਕੀ ਕਰਨ ਲਈ ਆਸ਼ੀਰਵਾਦ ਦਿੱਤਾ ਉਹਨਾਂ ਨੇ ਕਿਹਾ ਕਿ ਪਰਮਾਤਮਾ ਦੀ ਕਿਰਪਾ ਨਾਲ ਤੁਸੀਂ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੋ । ਇਸ ਮੌਕੇ ਤੇ ਨੰਬਰਦਾਰ ਗੁਰਜਿੰਦਰ ਸਿੰਘ ਲਾਡੀ ਸਰਕਲ ਪ੍ਰਧਾਨ, ਰਾਜਬੀਰ ਸਿੰਘ ਸਿੰਘ ਪ੍ਰਧਾਨ ਜ਼ਿਲ੍ਹਾ ਜਰਨਲ ਸਕੱਤਰ, ਸੁਰਿੰਦਰਪਾਲ ਸਿੰਘ, ਜਗਰੂਪ ਸਿੰਘ ਵਡਾਲੀ, ਬਲਜਿੰਦਰ ਸਿੰਘ ਰਸੂਲਪੁਰ, ਸਰਬਜੀਤ ਸਿੰਘ ਵਡਾਲੀ, ਬਿਕਰਮ ਸਿੰਘ ,ਰਾਜਵਿੰਦਰ ਸਿੰਘ, ਕੇਵਲ ਸਿੰਘ ਪ੍ਰਧਾਨ, ਹਰਜੋਤ ਸਿੰਘ ਹਰਪਾਲ ਸਿੰਘ, ਜਤਿੰਦਰ ਸਿੰਘ,ਸੁਖਦੇਵ ਸਿੰਘ ਰਜਧਾਨ,ਸੂਬੇਦਾਰ ਸਰਬਜੀਤ ਸਿੰਘ ਉਦੋ ਨੰਗਲ ਜ਼ਿਲ੍ਹਾ ਵਾਈਸ ਪ੍ਰਧਾਨ, ਗੁਪਤੇਸਰ ਬਾਵਾ ਚੌਕ ਮਹਿਤਾ,ਰਾਜਵਿੰਦਰ ਕੌਰ, ਸੁਖਵਿੰਦਰ ਕੌਰ ਵਡਾਲੀ, ਮਨਦੀਪ ਕੌਰ ਪ੍ਰਧਾਨ ਆਦਿ ਹਾਜ਼ਰ ਸਨ।



# ਧੂਰੀ ਵਿਕਾਸ ਮੰਚ ਵੱਲੋਂ ਮਾਨਵਤਾ ਦੀ ਸੇਵਾ ਲਈ ਦੂਸਰਾ ਵਿਸ਼ਾਲ ਮੈਡੀਕਲ ਕੈਂਪ ਲਗਾਉਣ ਦਾ ਐਲਾਨ



**ਧੂਰੀ, ( ਰਣਜੀਤ ਸਿੰਘ ਪੇਧਨੀ)**-ਧੂਰੀ ਇਲਾਕੇ ਦੀਆਂ ਭਖਦੀਆਂ ਮੰਗਾਂ, ਦਰਪੇਸ਼ ਮੁਸ਼ਕਲਾਂ ਅਤੇ ਆਮ ਲੋਕਾਂ ਦੀ ਸਿਹਤ ਪ੍ਰਤੀ ਗੰਭੀਰਤਾ ਦਿਖਾਉਂਦੇ ਹੋਏ, ਇਲਾਕੇ ਦੀ ਪ੍ਰਮੁੱਖ ਗੈਰ-ਸਿਆਸੀ ਜਥੇਬੰਦੀ 'ਧੂਰੀ ਵਿਕਾਸ ਮੰਚ' ਦੀ ਕੋਰ ਕਮੇਟੀ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਸੰਸਥਾ ਵੱਲੋਂ ਮਾਰਚ ਮਹੀਨੇ ਦੇ ਆਖ਼ਰੀ ਹਫ਼ਤੇ ਦੂਸਰਾ ਵਿਸ਼ਾਲ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਜਾਵੇਗਾ। ਇਹ ਕੈਂਪ ਇਲਾਕੇ ਦੇ ਲੋੜਵੰਦ ਮਰੀਜ਼ਾਂ ਲਈ ਵਰਦਾਨ ਸਾਬਤ ਹੋਵੇਗਾ।

ਸੰਸਥਾ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਪ੍ਰਧਾਨ ਅਮਨ ਗਰਗ ਅਤੇ ਉੱਪ ਚੇਅਰਮੈਨ ਅਭਿਨਵ ਨਵੀ ਗੋਇਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਦੌਰਾਨ ਸੰਸਥਾ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਸਮਾਜ ਭਲਾਈ ਦੇ ਕੰਮਾਂ ਦਾ ਬਾਰੀਕੀ ਨਾਲ ਰੀਵਿਊ ਕੀਤਾ ਗਿਆ। ਸਮੂਹ ਮੈਂਬਰਾਂ ਨੇ ਸੰਸਥਾ ਦੀ ਹੁਣ ਤੱਕ ਦੀ ਕਾਰਗੁਜ਼ਾਰੀ 'ਤੇ ਪੂਰਨ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਅਹਿਦ ਲਿਆ ਕਿ ਭਵਿੱਖ ਵਿੱਚ ਵੀ ਧੂਰੀ ਦੇ ਵਿਕਾਸ ਅਤੇ ਲੋਕ ਹਿੱਤਾਂ ਲਈ ਅਜਿਹੇ ਉਪਰਾਲੇ ਨਿਰੰਤਰ ਜਾਰੀ ਰੱਖੇ ਜਾਣਗੇ।

ਕੈਂਪ ਦੀ ਰੂਪ-ਰੇਖਾ ਸਾਂਝੀ ਕਰਦਿਆਂ ਸੰਸਥਾ ਦੇ ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਅਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਦੱਸਿਆ ਕਿ ਇਸ ਦੂਸਰੇ ਮੈਡੀਕਲ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਅਤੇ ਨਾਮੀ ਡਾਕਟਰ ਆਪਣੀਆਂ ਸੇਵਾਵਾਂ ਦੇਣਗੇ। ਉਨ੍ਹਾਂ ਕਿਹਾ ਕਿ ਕੈਂਪ ਦਾ ਮੁੱਖ ਮਨੋਰਥ ਉਨ੍ਹਾਂ ਲੋਕਾਂ ਤੱਕ ਮਿਆਰੀ ਸਿਹਤ ਸਹੂਲਤਾਂ ਪਹੁੰਚਾਉਣਾ ਹੈ, ਜੋ ਮਹਿੰਗੇ ਇਲਾਜ ਕਰਵਾਉਣ ਤੋਂ ਅਸਮਰੱਥ ਹਨ। ਇਸ ਦੌਰਾਨ ਮਰੀਜ਼ਾਂ ਦੀ ਮੁਫ਼ਤ ਜਾਂਚ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਅਤੇ ਸਿਹਤ ਸਬੰਧੀ ਮਸ਼ਵਰੇ ਵੀ ਦਿੱਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸੰਦੀਪ ਬਾਂਸਲ, ਮੋਹਿਤ ਜਿੰਦਲ, ਮਨੋਹਰ ਸਿੰਘ ਸੱਗੂ, ਸੰਜੀਵ ਕੁਮਾਰ ਜੋਨੀ, ਅਮਨਦੀਪ ਡਿੰਪੀ ਗਰਗ, ਮਨਿੰਦਰ ਸਿੰਘ ਢੀਂਡਸਾ ਅਤੇ ਸੁਰਿੰਦਰਪਾਲ ਸਿੰਘ ਨੀਟਾ ਸਮੇਤ ਮੌਜੂਦ ਸਨ। ਇਨ੍ਹਾਂ ਆਗੂਆਂ ਨੇ ਸਾਂਝੇ ਤੌਰ 'ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ।

# ਬੀਬੀ ਸਵਿੰਦਰ ਕੌਰ ਬੁਲਾਰਾ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਹੋਇਆ




**ਚੌਕ ਮਹਿਤਾ, 8 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿਛਲੇ ਦਿਨੀਂ ਸਤਿਕਾਰ ਯੋਗ ਮਾਤਾ ਸਵਿੰਦਰ ਕੌਰ ਜੀ ਪਤਨੀ ਬਾਬਾ ਦਲਬੀਰ ਸਿੰਘ ਆਪਣੇ ਸੁਆਸਾਂ ਦੀ ਪੂੰਝੀ ਨੂੰ ਪੂਰੇ ਕਰਦੇ ਹੋਏ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ ਉਨ੍ਹਾਂ ਨੇ ਨਮਿੱਤ ਆਰੰਭ ਕੀਤੇ ਗਏ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਰਾਗੀ ਸਿੰਘਾਂ ਨੇ ਗੁਰਬਾਣੀ ਦੇ ਪਵਿੱਤਰ ਪਾਵਨ ਕੀਰਤਨ ਕੀਤੇ ਗਏ। ਇਸ ਮੌਕੇ ਤੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ, ਸੰਤ ਬਾਬਾ ਗੁਰਦਿਆਲ ਸਿੰਘ ਰੋੜੀ ਸਾਹਿਬ ਕਾਲੇਕੇ, ਜਥੇਦਾਰ ਅਮਰੀਕ ਸਿੰਘ ਸ੍ਰੀ ਆਨੰਦਪੁਰ, ਸਿੰਘ ਸਾਹਿਬ ਗਿਆਨੀ ਸੁਖਦੇਵ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,ਬਾਬਾ ਮੇਜਰ ਸਿੰਘ ਟਾਹਲੀ ਸਾਹਿਬ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਸੰਤ ਬਾਬਾ ਸਰਦਾਰਾ ਸਿੰਘ ਮੱਖਣ ਵਿੰਡੀ, ਸੰਤ ਬਾਬਾ ਗੁਰਦੇਵ ਸਿੰਘ ਡੇਰਾ ਭਗਤਾਂ ਤਰਸਿੱਕਾ, ਭਾਈ ਗੁਰਦੇਵ ਸਿੰਘ ਯੂ ਐਸ ਏ, ਭਾਈ ਸੀਤ ਸਿੰਘ ਯੂ ਐਸ ਏ , ਭਾਈ ਰਣਜੀਤ ਸਿੰਘ ਬਾਠ ਬਾਬੋਵਾਲ,ਦਲਸੇਰ ਸਿੰਘ ਬੁਲਾਰਾ, ਵਰਿੰਦਰ ਪਾਲ ਸਿੰਘ ਬੁਲਾਰਾ, ਭਾਈ ਸੁਖਵਿੰਦਰ ਅਗਵਾਨ ,ਆਏ ਹੋਏ ਸੰਤਾਂ ਮਹਾਪੁਰਸ਼ਾਂ ਨੇ ਮਾਤਾ ਸਵਿੰਦਰ ਕੌਰ ਦੇ ਸਪੁੱਤਰ ਬਾਬਾ ਬਲਰਾਜ ਸਿੰਘ ਰਾਜਾ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਨੇ ਵਿੱਛੜੀ ਰੂਹ ਮਾਤਾ ਸਵਿੰਦਰ ਕੌਰ ਬੁਲਾਰਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
AWAZE QAUM International Newspaper & WEB TV

# ਸੱਸ-ਸਹੁਰਾ ਨਹੀਂ, ਸਿਰਫ਼ ਜਾਇਦਾਦ !



ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਅਜਿਹੇ ਵਾਕਿਆ ਬਹੁਤ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ ਕਿ "ਸੱਸ-ਸਹੁਰਾ ਨਹੀਂ ਚਾਹੀਦੇ, ਉਹਨਾਂ ਦੀ ਜਾਇਦਾਦ ਚਾਹੀਦੀ ਹੈ।"

ਇਹ ਸਿਰਫ਼ ਇੱਕ ਤਿੱਖਾ ਵਾਕ ਨਹੀਂ, ਸਗੋਂ ਸਾਡੇ ਸਮਾਜ ਦੀ ਸੋਚ ਵਿੱਚ ਆ ਰਹੇ ਬਦਲਾਅ ਦਾ ਦਰਪਣ ਹੈ। ਇਹ ਇਕ ਐਸੀ ਸੋਚ ਦੀ ਝਲਕ ਹੈ ਜੋ ਰਿਸ਼ਤਿਆਂ ਦੀ ਥਾਂ ਸਵਾਰਥ ਨੂੰ ਬਿਠਾ ਰਹੀ ਹੈ। ਪਰ ਕੀ ਪੂਰਾ ਸਮਾਜ ਇਸੇ ਧਾਰਾ ਵਿੱਚ ਵਹਿ ਰਿਹਾ ਹੈ? ਕੀ ਹਰ ਘਰ ਦੀ ਕਹਾਣੀ ਇਕੋ ਜਿਹੀ ਹੈ ? ਨਹੀਂ। ਸਮਾਜ ਇੱਕ ਹੀ ਰੰਗ ਨਾਲ ਨਹੀਂ ਬਣਦਾ, ਇਹ ਅਨੇਕਾਂ ਰੰਗਾਂ ਦਾ ਸੁੰਦਰ ਸੰਯੋਗ ਹੈ। ਹਰ ਘਰ ਦੀ ਆਪਣੀ ਕਹਾਣੀ, ਆਪਣਾ ਸੰਸਕਾਰ ਅਤੇ ਆਪਣੀ ਸੂਝ ਹੁੰਦੀ ਹੈ। ਅੱਜ ਵੀ ਅਨੇਕਾਂ ਨੂੰਹਾਂ ਅਤੇ ਪੁੱਤਰ ਹਨ ਜੋ ਆਪਣੇ ਸੱਸ-ਸਹੁਰਿਆਂ ਨੂੰ ਮਾਂ-ਬਾਪ ਵਾਂਗ ਮੰਨਦੇ ਹਨ। ਉਹਨਾਂ ਲਈ ਵੱਡਿਆਂ ਦੀ ਸੇਵਾ ਫਰਜ਼ ਨਹੀਂ, ਖੁਸ਼ਿਕਸਮਤੀ ਹੈ। ਉਹ ਦਵਾਈ ਤੋਂ ਲੈ ਕੇ ਦਿਲ ਦੀ ਹਾਲਤ ਤੱਕ ਦੀ ਸੰਭਾਲ ਕਰਦੇ ਹਨ। ਉਹ ਜਾਣਦੇ ਹਨ ਕਿ ਵੱਡਿਆਂ ਦੀ ਦੁਆ ਸਭ ਤੋਂ ਵੱਡੀ ਦੌਲਤ ਹੈ, ਇੱਕ ਐਸੀ ਦੌਲਤ ਜੋ ਕਿਸੇ ਵੀ ਜਾਇਦਾਦ ਨਾਲ ਨਹੀਂ ਤੋਲੀ ਜਾ ਸਕਦੀ।

ਪਰ ਦੂਜੇ ਪਾਸੇ, ਕੁਝ ਘਰਾਂ ਦੀ ਹਕੀਕਤ ਦਿਲ ਦਹਿਲਾ ਦੇਣ ਵਾਲੀ ਹੈ। ਉੱਥੇ ਇੱਜ਼ਤ ਦੀ ਥਾਂ ਤਾਨੇ ਹਨ, ਪਿਆਰ ਦੀ ਥਾਂ ਅਣਡਿੱਠਾ ਹੈ, ਅਤੇ ਕਈ ਵਾਰ ਤਾਂ ਹਾਲਾਤ ਇੰਨੇ ਵਿਗੜ ਜਾਂਦੇ ਹਨ ਕਿ ਸੱਸ-ਸਹੁਰਿਆਂ 'ਤੇ ਹੱਥ ਤੱਕ ਚੁੱਕ ਲਿਆ ਜਾਂਦਾ ਹੈ। ਇਹ ਕਹਾਣੀ ਸਿਰਫ਼ ਇਕ ਟੁੱਟੇ ਪਰਿਵਾਰ ਦੀ ਨਹੀਂ, ਸਗੋਂ ਸਮਾਜਿਕ ਸੰਵੇਦਨਸ਼ੀਲਤਾ ਦੇ ਘਟਦੇ ਮਿਆਰ ਦੀ ਨਿਸ਼ਾਨੀ ਹੈ।

ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਕਸਰ ਧੀਆਂ ਨੂੰ ਬਚਪਨ ਤੋਂ ਕੀ ਸਿੱਖਿਆ ਦਿੱਤੀ ਜਾਂਦੀ ਹੈ ? ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਵਿਆਹ ਤੋਂ ਬਾਅਦ ਪਤੀ ਉਹਦਾ ਆਪਣਾ ਹੋਵੇਗਾ, ਪਤੀ ਦੀ ਜਾਇਦਾਦ ਆਪਣੀ ਹੋਵੇਗੀ, ਬੱਚੇ ਆਪਣੇ ਹੋਣਗੇ। ਪਰ ਬਹੁਤ ਸੁਚੱਜੇ ਢੰਗ ਨਾਲ ਇੱਕ ਹੋਰ ਗੱਲ ਵੀ ਉਹਨਾਂ ਦੇ ਮਨ ਵਿੱਚ ਬਿਠਾ ਦਿੱਤੀ ਜਾਂਦੀ ਹੈ, ਕਿ ਪਤੀ ਦੇ ਮਾਪੇ ਆਪਣੇ ਨਹੀਂ ਹੁੰਦੇ। "ਮੇਰੇ ਮਾਪੇ ਮੇਰੇ ਹਨ, ਬਾਕੀ ਸਾਰੇ ਪਰਾਏ ਹਨ।" ਇਹ ਸੰਸਕਾਰ ਅਣਜਾਣੇ ਹੀ ਧੀਆਂ ਦੇ ਮਨ ਵਿੱਚ ਵੱਸ ਜਾਂਦੇ ਹਨ। ਵਿਆਹ ਵੇਲੇ ਪੁੱਛਿਆ ਜਾਂਦਾ ਹੈ—ਮੁੰਡੇ ਦਾ ਘਰ ਆਪਣਾ ਹੈ ? ਕਾਰੋਬਾਰ ਕੀ ਹੈ ? ਤਨਖਾਹ ਕਿੰਨੀ ਹੈ ? ਘਰ ਵਿੱਚ ਕਿੰਨੇ ਮੈਂਬਰ ਹਨ ? ਪਰ ਇਹ ਕਦੇ ਨਹੀਂ ਪੁੱਛਿਆ ਜਾਂਦਾ ਕਿ ਉਸ ਘਰ ਵਿੱਚ ਰਿਸ਼ਤਿਆਂ ਦੀ ਗਰਮਾਹਟ ਕਿੰਨੀ ਹੈ ? ਵੱਡਿਆਂ ਲਈ ਸਤਿਕਾਰ ਕਿੰਨਾ ਹੈ ? ਘਰ ਦੀ ਹਵਾ ਵਿੱਚ ਪਿਆਰ ਦੀ ਖੁਸ਼ਬੂ ਹੈ ਜਾਂ ਨਹੀਂ?

ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਮਾਪੇ ਆਪਣੀ ਧੀ ਨੂੰ ਅਜੇਹੇ ਸੰਸਕਾਰ ਦੇ ਰਹੇ ਹਨ, ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਉਹਨਾਂ ਦੇ ਆਪਣੇ ਘਰ ਵਿੱਚ ਵੀ ਕਿਸੇ ਦੀ ਧੀ ਆਉਣੀ ਹੈ ਜਾਂ ਆ ਚੁੱਕੀ ਹੈ। ਜੇ ਉਹ ਵੀ ਇਹੋ ਜਿਹੇ ਸੰਸਕਾਰ ਲੈ ਕੇ ਆਵੇਗੀ ਤਾਂ ਫਿਰ ਉਹਨਾਂ ਦਾ ਕੀ ਹਾਲ ਹੋਵੇਗਾ?

ਰਿਸ਼ਤੇ ਸਿਰਫ਼ ਕਾਨੂੰਨੀ ਹੱਕਾਂ ਨਾਲ ਨਹੀਂ ਬਣਦੇ ਉਹ ਸਾਂਝੀ ਜ਼ਿੰਮੇਵਾਰੀ, ਸਤਿਕਾਰ ਅਤੇ ਸੰਵੇਦਨਸ਼ੀਲਤਾ ਨਾਲ ਮਜ਼ਬੂਤ ਹੁੰਦੇ ਹਨ। ਪਤੀ ਦਾ ਘਰ "ਮੇਰਾ" ਕਹਿਣਾ ਆਸਾਨ ਹੈ, ਪਰ ਉਸ ਘਰ ਦੇ ਵੱਡਿਆਂ ਨੂੰ ਦਿਲੋਂ ਆਪਣਾ ਮੰਨਣਾ ਬਹੁਤ ਮੁਸ਼ਕਲ ਹੈ ਹੀ।

ਅੱਜ ਦੇ ਦੌਰ ਵਿੱਚ ਲੋੜ ਹੈ ਸੰਸਕਾਰਾਂ ਨੂੰ ਨਵੀਂ ਦਿਸ਼ਾ ਦੇਣ ਦੀ। ਧੀਆਂ ਨੂੰ ਇਹ ਸਿਖਾਉਣ ਦੀ ਕਿ ਜਿਵੇਂ ਉਹ ਆਪਣੇ ਮਾਂ-ਬਾਪ ਨਾਲ ਪਿਆਰ ਕਰਦੀਆਂ ਹਨ, ਓਸੇ ਤਰ੍ਹਾਂ ਪਤੀ ਦੇ ਮਾਪਿਆਂ ਨੂੰ ਵੀ ਸਤਿਕਾਰ ਅਤੇ ਸੇਵਾ ਦੇਣ ਅਤੇ ਮੁੰਡਿਆਂ ਨੂੰ ਵੀ ਇਹ ਸਿੱਖਾਉਣ ਦੀ ਕਿ ਉਹ ਆਪਣੀ ਪਤਨੀ ਨੂੰ ਸਿਰਫ਼ ਘਰ ਦੀ ਮੈਂਬਰ ਨਹੀਂ, ਸਗੋਂ ਘਰ ਦੀ ਇੱਜ਼ਤ ਅਤੇ ਸਾਂਝੀ ਜ਼ਿੰਮੇਵਾਰੀ ਸਮਝਣ।

ਘਰ ਤਦ ਹੀ ਸੁਖੀ ਹੁੰਦੇ ਹਨ ਜਦੋਂ "ਮੇਰਾ" ਅਤੇ "ਤੇਰਾ" ਦੀ ਥਾਂ "ਸਾਡਾ" ਸ਼ਬਦ ਆ ਜਾਂਦਾ ਹੈ। ਜਦੋਂ ਜਾਇਦਾਦ ਤੋਂ ਵੱਧ ਰਿਸ਼ਤਿਆਂ ਨੂੰ ਅਹਿਮੀਅਤ ਮਿਲਦੀ ਹੈ। ਜਦੋਂ ਵੱਡਿਆਂ ਦੀ ਹਾਜ਼ਰੀ ਨੂੰ ਬੋਝ ਨਹੀਂ, ਬਰਕਤ ਸਮਝਿਆ ਜਾਂਦਾ ਹੈ।

ਸਭ ਤੋਂ ਦੁਖਦਾਈ ਦ੍ਰਿਸ਼ ਉਹ ਹੁੰਦਾ ਹੈ ਜਦੋਂ ਮਾਪੇ ਆਪਣੇ ਪੁੱਤਰਾਂ ਨੂੰ ਵਿਦੇਸ਼ ਭੇਜ ਕੇ ਸੋਚਦੇ ਹਨ ਕਿ ਹੁਣ ਉਹਨਾਂ ਦਾ ਭਵਿੱਖ ਸੁਨਹਿਰਾ ਹੋਵੇਗਾ। ਘਰ ਦੀਆਂ ਦੀਵਾਰਾਂ 'ਤੇ ਟੰਗੀਆਂ ਪੁੱਤਰਾਂ ਦੀਆਂ ਤਸਵੀਰਾਂ ਅਤੇ ਖਾਲੀ ਪਈਆਂ ਕੁਰਸੀਆਂ ਉਹਨਾਂ ਦੀ ਖਾਮੋਸ਼ੀ ਦਾ ਗਵਾਹ ਬਣ ਜਾਂਦੀਆਂ ਹਨ।

ਵਿਦੇਸ਼ ਵਿੱਚ ਰੁੱਝੇ ਪੁੱਤਰ ਅਤੇ ਉਹਨਾਂ ਦੇ ਬੱਚੇ ਸ਼ਾਇਦ ਜੀਵਨ ਦੀ ਦੌੜ ਵਿੱਚ ਇੰਨੇ ਮਗਨ ਹੋ ਜਾਂਦੇ ਹਨ ਕਿ ਪਿੱਛੇ ਬੈਠੇ ਬੁਜ਼ੁਰਗ ਮਾਪਿਆਂ ਦੀ ਧੜਕਣਾਂ ਦੀ ਆਵਾਜ਼ ਸੁਣਨਾ ਵੀ ਭੁੱਲ ਜਾਂਦੇ ਹਨ। ਉਹ ਮਾਪੇ ਜੋ ਇੱਕ-ਇੱਕ ਘੜੀ ਆਪਣੇ ਪੋਤਰੇ-ਪੋਤਰੀਆਂ ਦੀ ਯਾਦ ਵਿੱਚ ਗੁਜ਼ਾਰਦੇ ਹਨ। ਰਾਤਾਂ ਅੱਖਾਂ ਵਿੱਚ ਲੰਘ ਜਾਂਦੀਆਂ ਹਨ, ਨਾ ਨੀਂਦ ਆਉਂਦੀ ਹੈ, ਨਾ ਦਿਲ ਨੂੰ ਚੈਨ।

ਉਹ ਮੋਬਾਈਲ ਦੀ ਘੰਟੀ ਵੱਜਣ ਦੀ ਉਡੀਕ ਕਰਦੇ ਹਨ। ਹਰ ਵਾਰ ਦਰਵਾਜ਼ਾ ਖੜਕਣ 'ਤੇ ਦਿਲ ਧੜਕਦਾ ਹੈ—"ਸ਼ਾਇਦ ਕੋਈ ਸੁਨੇਹਾ ਆਇਆ ਹੋਵੇ।" ਪਰ ਕਈ ਵਾਰ ਉਡੀਕ ਸਿਰਫ਼ ਉਡੀਕ ਹੀ ਰਹਿ ਜਾਂਦੀ ਹੈ ਅਤੇ ਇਹ ਉਡੀਕ ਹੀ ਉਹਨਾਂ ਦੀ ਸਭ ਤੋਂ ਵੱਡੀ ਪੀੜ ਬਣ ਜਾਂਦੀ ਹੈ।

ਇਹ ਸੱਚ ਹੈ ਕਿ ਸਮਾਂ ਬਦਲ ਰਿਹਾ ਹੈ। ਪਰ ਕੀ ਬਦਲਦੇ ਸਮੇਂ ਨਾਲ ਰਿਸ਼ਤਿਆਂ ਦੀ ਮਰਯਾਦਾ ਵੀ ਬਦਲ ਜਾਵੇ ? ਜਾਇਦਾਦ ਅਤੇ ਸੁਵਿਧਾਵਾਂ ਜ਼ਿੰਦਗੀ ਨੂੰ ਆਸਾਨ ਤਾਂ ਬਣਾ ਸਕਦੀਆਂ ਹਨ, ਪਰ ਰਿਸ਼ਤਿਆਂ ਦੀ ਗਰਮੀ, ਨਿਘ ਅਤੇ ਮਨ ਦੀ ਸ਼ਾਂਤੀ ਨਹੀਂ ਦੇ ਸਕਦੀਆਂ।

ਮਾਂ-ਬਾਪ ਦੀ ਦੁਆ ਅਤੇ ਉਹਨਾਂ ਦੀ ਹਾਜ਼ਰੀ ਉਹ ਅਮੂਲ ਧਨ ਹੈ ਜੋ ਕਿਸੇ ਵੀ ਜਾਇਦਾਦ ਨਾਲ ਤੋਲਿਆ ਨਹੀ ਜਾ ਸਕਦਾ। ਸਮਾਜ ਵਿੱਚ ਪਾਤਰ ਚੰਗੇ ਵੀ ਹਨ, ਮਾੜੇ ਵੀ ਪਰ ਸਵਾਲ ਇਹ ਹੈ ਕਿ ਅਸੀਂ ਕਿਹੜੇ ਪਾਸੇ ਖੜੇ ਹਾਂ ? ਕੀ ਅਸੀਂ ਉਹ ਪੀੜ੍ਹੀ ਬਣਾਂਗੇ ਜੋ ਵੱਡਿਆਂ ਨੂੰ ਬੋਝ ਸਮਝਦੀ ਹੈ ? ਜਾਂ ਉਹ ਜੋ ਉਹਨਾਂ ਨੂੰ ਆਪਣੀਆਂ ਜੜ੍ਹਾਂ ਸਮਝ ਕੇ ਸੰਭਾਲਦੀ ਹੈ ? ਕਿਉਂਕਿ ਦਰੱਖ਼ਤ ਜਿੰਨਾ ਮਰਜ਼ੀ ਉੱਚਾ ਹੋ ਜਾਵੇ, ਉਹ ਆਪਣੀਆਂ ਜੜ੍ਹਾਂ ਤੋਂ ਵੱਖ ਹੋ ਕੇ ਖੜਾ ਨਹੀਂ ਰਹਿ ਸਕਦਾ। ਜੜ੍ਹਾਂ ਕੱਟੀਆਂ ਜਾਣ ਤਾਂ ਹਰੇ-ਭਰੇ ਪੱਤੇ ਵੀ ਜ਼ਿਆਦਾ ਦੇਰ ਤੱਕ ਜ਼ਿੰਦਾ ਨਹੀਂ ਰਹਿੰਦੇ। ਚੋਣ ਸਾਡੇ ਹੱਥ ਵਿੱਚ ਹੈ, ਜਾਇਦਾਦ ਦੀ ਜਾਂ ਜਜ਼ਬਾਤਾਂ ਦੀ ਅਤੇ ਯਾਦ ਰੱਖੀਏ, ਜਜ਼ਬਾਤਾਂ ਨਾਲ ਬਣਿਆ ਘਰ ਹੀ ਅਸਲ ਵਿੱਚ "ਘਰ" ਹੁੰਦਾ ਹੈ।

**-ਰਜਿੰਦਰ ਸਿੰਘ, ਪਠਾਨਕੋਟ**

# ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਔਰਤਾਂ ਦੇ ਅਧਿਕਾਰ, ਸਨਮਾਨ ਅਤੇ ਸਮਾਜ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਇੱਕ ਵਿਚਾਰ

ਅੰਤਰਰਾਸ਼ਟਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਔਰਤਾਂ ਦੀ ਇੱਜ਼ਤ ਕਰਨ, ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਸਮਾਜ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਸਨਮਾਨ ਦੇਣ ਲਈ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਮਕਸਦ ਇਹ ਹੈ ਕਿ ਸਮਾਜ ਵਿੱਚ ਇਹ ਸੋਚ ਮਜ਼ਬੂਤ ਹੋਵੇ ਕਿ ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਹੱਕ ਅਤੇ ਮੌਕੇ ਮਿਲਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਅੰਤਰਰਾਸ਼ਟਰੀ ਮਹਿਲਾ ਦਿਵਸ 1911 ਵਿੱਚ ਮਨਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਇਹ ਦਿਨ ਹੌਲੀ-ਹੌਲੀ ਸੰਸਾਰ ਦੇ ਕਈ ਦੇਸ਼ਾਂ ਵਿੱਚ ਮਹੱਤਵਪੂਰਨ ਦਿਨ ਵਜੋਂ ਮਨਾਇਆ ਜਾਣ ਲੱਗ ਪਿਆ। ਔਰਤ ਤੋਂ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਔਰਤ ਪਰਿਵਾਰ ਅਤੇ ਸਮਾਜ ਦੀ ਮਜ਼ਬੂਤ ਨੀਂਹ ਹੁੰਦੀ ਹੈ। ਉਹ ਮਾਂ, ਭੈਣ, ਧੀ ਅਤੇ ਪਤਨੀ ਦੇ ਰੂਪ ਵਿੱਚ ਪਰਿਵਾਰ ਨੂੰ ਪਿਆਰ, ਸਹਾਰਾ ਅਤੇ ਸੰਭਾਲ ਦਿੰਦੀ ਹੈ। ਔਰਤ ਆਪਣੀ ਮਿਹਨਤ, ਧੀਰਜ ਅਤੇ ਤਿਆਗ ਨਾਲ ਉਹ ਘਰ ਨੂੰ ਸੁਖੀ ਬਣਾਉਂਦੀ ਹੈ ਅਤੇ ਬੱਚਿਆਂ ਦੀ ਚੰਗੀ ਪਰਵਿਰਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਲਈ ਹਰ ਮਨੁੱਖ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਔਰਤਾਂ ਦਾ ਸਤਿਕਾਰ ਕਰੇ ਅਤੇ ਉਨ੍ਹਾਂ ਦੀ ਕਦਰ ਕਰੇ।

ਅੱਜ ਦੇ ਸਮੇਂ ਵਿੱਚ ਔਰਤਾਂ ਸਿਰਫ ਘਰ ਤੱਕ ਹੀ ਸੀਮਿਤ ਨਹੀਂ ਰਹੀਆਂ। ਉਹ ਸਿੱਖਿਆ, ਵਿਗਿਆਨ, ਖੇਡਾਂ, ਸੰਗੀਤ ਅਤੇ ਅੰਤਰਿਕਸ਼ ਵਰਗੇ ਕਈ ਖੇਤਰਾਂ ਵਿੱਚ ਸ਼ਾਨਦਾਰ ਕਾਮਯਾਬੀਆਂ ਹਾਸਲ ਕਰ ਰਹੀਆਂ ਹਨ। ਕਈ ਭਾਰਤੀ ਔਰਤਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕਰਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਉਦਾਹਰਨ ਵਜੋਂ ਕਲਪਨਾ ਚਾਵਲਾ ਅਤੇ ਸੁਨੀਤਾ ਵਿਲੀਅਮਜ਼ ਨੇ ਅੰਤਰਿਕਸ਼ ਦੇ ਖੇਤਰ ਵਿੱਚ ਮਹੱਤਵਪੂਰਨ ਸਫਲਤਾਵਾਂ ਹਾਸਲ ਕੀਤੀਆਂ। ਇਸੇ ਤਰ੍ਹਾਂ ਮੇਰੀ ਕੋਮ ਨੇ ਮੁੱਕੇਬਾਜ਼ੀ ਵਿੱਚ ਕਈ ਵਿਸ਼ਵ ਖਿਤਾਬ ਜਿੱਤੇ ਅਤੇ ਪੀ. ਵੀ. ਸਿੰਧੂ ਨੇ ਬੈਡਮਿੰਟਨ ਵਿੱਚ ਓਲੰਪਿਕ ਤਮਗੇ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਸੰਗੀਤ ਦੇ ਖੇਤਰ ਵਿੱਚ ਲਤਾ ਮੰਗੇਸ਼ਕਰ ਨੇ ਆਪਣੀ ਮਿੱਠੀ ਆਵਾਜ਼ ਨਾਲ ਦੁਨੀਆ ਭਰ ਵਿੱਚ ਵੱਖਰੀ ਪਛਾਣ ਬਣਾਈ।

ਚੰਗਾ ਸਮਾਜ ਉਹੀ ਹੁੰਦਾ ਹੈ ਜਿੱਥੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਅਤੇ ਮੌਕੇ ਮਿਲਦੇ ਹਨ। ਜੇ ਔਰਤਾਂ ਨੂੰ ਸਿੱਖਿਆ, ਰੋਜ਼ਗਾਰ ਅਤੇ ਅੱਗੇ ਵਧਣ ਲਈ ਸਮਾਨ ਮੌਕੇ ਦਿੱਤੇ ਜਾਣ, ਤਾਂ ਉਹ ਪਰਿਵਾਰ ਅਤੇ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾ ਸਕਦੀਆਂ ਹਨ। ਜਦੋਂ ਔਰਤ ਅੱਗੇ ਵਧਦੀ ਹੈ ਤਾਂ ਉਸ ਨਾਲ ਹੀ ਪਰਿਵਾਰ, ਸਮਾਜ ਅਤੇ ਦੇਸ਼ ਵੀ ਅੱਗੇ ਵਧਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਔਰਤਾਂ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਬਹੁਤ ਮਹੱਤਵਪੂਰਨ ਹਨ। ਇਸ ਲਈ ਸਾਨੂੰ ਔਰਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਬਰਾਬਰ ਦੇ ਅਧਿਕਾਰ ਦੇਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਤਰੱਕੀ ਵਿੱਚ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਇਹੀ ਇੱਕ ਸੁੰਦਰ, ਸਮਾਨਤਾ ਭਰਪੂਰ ਅਤੇ ਇੱਜਤਦਾਰ ਸਮਾਜ ਦੀ ਨਿਸ਼ਾਨੀ ਹੈ।

**-ਪਵਨ ਕੁਮਾਰ ਅੱਤਰੀ (ਕਪੂਰਥਲਾ)**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੂਰਜੀ ਊਰਜਾ ਦਾ ਭਵਿੱਖ



ਸੂਰਜੀ ਊਰਜਾ ਆਧੁਨਿਕ ਸੰਸਾਰ ਵਿੱਚ ਸਾਫ਼ ਅਤੇ ਟਿਕਾਊ ਊਰਜਾ ਦੇ ਸਭ ਤੋਂ ਮਹੱਤਵਪੂਰਨ ਸਰੋਤਾਂ ਵਿੱਚੋਂ ਇੱਕ ਵਜੋਂ ਉਭਰ ਰਹੀ ਹੈ। ਜਿਵੇਂ-ਜਿਵੇਂ ਸੰਸਾਰ ਭਰ ਵਿੱਚ ਊਰਜਾ ਦੀ ਮੰਗ ਲਗਾਤਾਰ ਵਧ ਰਹੀ ਹੈ ਅਤੇ ਮੌਸਮੀ ਤਬਦੀਲੀ ਬਾਰੇ ਚਿੰਤਾਵਾਂ ਵੀ ਤੇਜ਼ ਹੋ ਰਹੀਆਂ ਹਨ, ਵਿਗਿਆਨੀ, ਇੰਜੀਨੀਅਰ ਅਤੇ ਨੀਤੀ ਘਾੜੇ ਸੂਰਜੀ ਊਰਜਾ ਨੂੰ ਇੱਕ ਭਰੋਸੇਯੋਗ ਅਤੇ ਨਵਿਆਉਣਯੋਗ ਊਰਜਾ ਸਰੋਤ ਵਜੋਂ ਖਾਸ ਤਵੱਜੋ ਦੇ ਰਹੇ ਹਨ। ਸੂਰਜੀ ਊਰਜਾ ਦਾ ਭਵਿੱਖ ਤਕਨੀਕੀ ਤਰੱਕੀ, ਵਾਤਾਵਰਣ ਦੀ ਸੁਰੱਖਿਆ ਅਤੇ ਟਿਕਾਊ ਵਿਕਾਸ ਵੱਲ ਵਿਸ਼ਵ ਪੱਧਰੀ ਬਦਲਾਅ ਨਾਲ ਗਹਿਰੇ ਤੌਰ 'ਤੇ ਜੁੜਿਆ ਹੋਇਆ ਹੈ।

**ਸੂਰਜੀ ਊਰਜਾ ਦੀ ਪਰਿਭਾਸ਼ਾ**-ਸੂਰਜੀ ਊਰਜਾ ਉਸ ਤਾਪ ਊਰਜਾ ਨੂੰ ਕਿਹਾ ਜਾਂਦਾ ਹੈ ਜੋ ਸੂਰਜ ਵੱਲੋਂ ਨਿਕਲਦੀ ਹੈ ਅਤੇ ਜਿਸਨੂੰ ਬਿਜਲੀ ਜਾਂ ਤਾਪ ਵਰਗੀਆਂ ਲਾਭਦਾਇਕ ਸ਼ਕਲਾਂ ਵਿੱਚ ਬਦਲਿਆ ਜਾ ਸਕਦਾ ਹੈ। ਸੂਰਜ ਆਪਣੇ ਕੇਂਦਰ ਵਿੱਚ ਹੋ ਰਹੀਆਂ ਨਿਊਕਲੀਅਰ ਫਿਊਜ਼ਨ ਕ੍ਰਿਆਵਾਂ ਰਾਹੀਂ ਲਗਾਤਾਰ ਬੇਅੰਤ ਊਰਜਾ ਜਾਰੀ ਕਰਦਾ ਹੈ। ਇਸ ਊਰਜਾ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਹੀ ਧਰਤੀ ਤੱਕ ਪਹੁੰਚਦਾ ਹੈ, ਪਰ ਇਹ ਵੀ ਮਨੁੱਖੀ ਊਰਜਾ ਦੀਆਂ ਲੋੜਾਂ ਨੂੰ ਕਈ ਗੁਣਾ ਪੂਰਾ ਕਰਨ ਲਈ ਕਾਫ਼ੀ ਹੈ।

ਸੂਰਜੀ ਊਰਜਾ ਨੂੰ ਆਮ ਤੌਰ 'ਤੇ ਸੋਲਰ ਪੈਨਲਾਂ ਜਾਂ ਫੋਟੋਵੋਲਟਾਇਕ ਸੈੱਲਾਂ ਦੀ ਮਦਦ ਨਾਲ ਇਕੱਠਾ ਕੀਤਾ ਜਾਂਦਾ ਹੈ। ਇਹ ਸੈੱਲ ਫੋਟੋਵੋਲਟਾਇਕ ਪ੍ਰਭਾਵ ਰਾਹੀਂ ਸੂਰਜ ਦੀ ਰੌਸ਼ਨੀ ਨੂੰ ਸਿੱਧੇ ਬਿਜਲੀ ਵਿੱਚ ਬਦਲ ਦਿੰਦੇ ਹਨ। ਇਸ ਤੋਂ ਇਲਾਵਾ, ਸੂਰਜੀ ਥਰਮਲ ਪ੍ਰਣਾਲੀਆਂ ਸੂਰਜ ਦੀ ਰੌਸ਼ਨੀ ਨੂੰ ਗਰਮੀ ਵਿੱਚ ਤਬਦੀਲ ਕਰਕੇ ਪਾਣੀ ਗਰਮ ਕਰਨ, ਖਾਣਾ ਪਕਾਉਣ ਅਤੇ ਉਦਯੋਗਿਕ ਕਾਰਜਾਂ ਵਿੱਚ ਵਰਤਦੀਆਂ ਹਨ।

**ਸੂਰਜੀ ਊਰਜਾ ਦੀ ਮਹੱਤਤਾ**-ਸੂਰਜੀ ਊਰਜਾ ਦੀ ਮਹੱਤਤਾ ਕਈ ਵਿਸ਼ਵ ਪੱਧਰੀ ਚੁਣੌਤੀਆਂ ਦੇ ਕਾਰਨ ਵਧ ਰਹੀ ਹੈ, ਜਿਵੇਂ ਕਿ ਮੌਸਮੀ ਤਬਦੀਲੀ, ਊਰਜਾ ਸੁਰੱਖਿਆ ਅਤੇ ਵਾਤਾਵਰਣ ਪ੍ਰਦੂਸ਼ਣ।

**ਨਵਿਆਉਣਯੋਗ ਅਤੇ ਅਮੁੱਕ ਸਰੋਤ**-ਕੋਲਾ, ਤੇਲ ਅਤੇ ਕੁਦਰਤੀ ਗੈਸ ਵਰਗੇ ਫ਼ੌਸਿਲ ਇੰਧਨਾਂ ਦੇ ਵਿਰੁੱਧ, ਸੂਰਜੀ ਊਰਜਾ ਨਵਿਆਉਣਯੋਗ ਹੈ। ਸੂਰਜ ਅਜੇ ਅਰਬਾਂ ਸਾਲ ਤੱਕ ਚਮਕਦਾ ਰਹੇਗਾ, ਜਿਸ ਨਾਲ ਇਹ ਸਭ ਤੋਂ ਭਰੋਸੇਯੋਗ ਲੰਬੇ ਸਮੇਂ ਦਾ ਊਰਜਾ ਸਰੋਤ ਬਣਦਾ ਹੈ।

**ਵਾਤਾਵਰਣ ਲਈ ਪ੍ਰਦੂਸ਼ਣ ਰਹਿਤ** -ਸੂਰਜੀ ਬਿਜਲੀ ਉਤਪਾਦਨ ਦੌਰਾਨ ਹਵਾ ਵਿੱਚ ਹਾਨੀਕਾਰਕ ਗੈਸਾਂ ਬਹੁਤ ਘੱਟ ਨਿਕਲਦੀਆਂ ਹਨ। ਇਸ ਨਾਲ ਗ੍ਰੀਨਹਾਊਸ ਗੈਸਾਂ ਘਟਦੀਆਂ ਹਨ ਜੋ ਗਲੋਬਲ ਵਾਰਮਿੰਗ ਦਾ ਕਾਰਨ ਬਣਦੀਆਂ ਹਨ। **ਊਰਜਾ ਵਿੱਚ ਆਤਮਨਿਰਭਰਤਾ**-ਸੂਰਜੀ ਊਰਜਾ ਦੇ ਨਾਲ ਦੇਸ਼ ਨਾ ਨਵਿਆਉਣਯੋਗ ਯੋਗ ਊਰਜਾ 'ਤੇ ਨਿਰਭਰਤਾ ਘਟਾ ਸਕਦੇ ਹਨ, ਜਿਸ ਨਾਲ ਊਰਜਾ ਸੁਰੱਖਿਆ ਅਤੇ ਆਰਥਿਕ ਸਥਿਰਤਾ ਵਧਦੀ ਹੈ। **ਪੇਂਡੂ ਇਲਾਕਿਆਂ ਵਿੱਚ ਬਿਜਲੀ**-ਜਿੱਥੇ ਰਵਾਇਤੀ ਬਿਜਲੀ ਢਾਂਚਾ ਬਣਾਉਣਾ ਮੁਸ਼ਕਲ ਹੁੰਦਾ ਹੈ, ਉਥੇ ਸੂਰਜੀ ਊਰਜਾ ਘਰਾਂ, ਸਕੂਲਾਂ ਅਤੇ ਸਿਹਤ ਕੇਂਦਰਾਂ ਲਈ ਬਿਜਲੀ ਮੁਹੱਈਆ ਕਰ ਸਕਦੀ ਹੈ। **ਆਰਥਿਕ ਮੌਕੇ**-ਸੋਲਰ ਉਦਯੋਗ ਨਿਰਮਾਣ, ਸਥਾਪਨਾ, ਰਖ-ਰਖਾਅ ਅਤੇ ਖੋਜ ਖੇਤਰਾਂ ਵਿੱਚ ਨਵੇਂ ਰੋਜ਼ਗਾਰ ਪੈਦਾ ਕਰਦਾ ਹੈ। **ਸੂਰਜੀ ਊਰਜਾ ਦੇ ਫ਼ਾਇਦੇ** -ਸੂਰਜੀ ਊਰਜਾ ਕਈ ਲਾਭ ਪ੍ਰਦਾਨ ਕਰਦੀ ਹੈ ਜੋ ਇਸਨੂੰ ਰਵਾਇਤੀ ਊਰਜਾ ਸਰੋਤਾਂ ਨਾਲੋਂ ਵਧੀਆ ਬਣਾਉਂਦੇ ਹਨ। ਸਾਫ਼ ਊਰਜਾ ਸਰੋਤ - ਬਿਜਲੀ ਉਤਪਾਦਨ ਦੌਰਾਨ ਹਾਨੀਕਾਰਕ ਧੂੰਆ ਜਾਂ ਗੈਸ ਨਹੀਂ ਨਿਕਲਦੀ। ਨਵਿਆਉਣਯੋਗ ਅਤੇ ਟਿਕਾਊ - ਇਹ ਸੂਰਜ ਦੀ ਰੌਸ਼ਨੀ 'ਤੇ ਨਿਰਭਰ ਕਰਦੀ ਹੈ ਜੋ ਕੁਦਰਤੀ ਤੌਰ 'ਤੇ ਮੁੜ ਮਿਲਦੀ ਰਹਿੰਦੀ ਹੈ। ਘੱਟ ਚਲਾਉਣ ਖਰਚਾ - ਪੈਨਲ ਲੱਗਣ ਤੋਂ ਬਾਅਦ ਬਿਜਲੀ ਬਣਾਉਣ ਦਾ ਖਰਚਾ ਬਹੁਤ ਘੱਟ ਹੋ ਜਾਂਦਾ ਹੈ। ਛੋਟੇ ਅਤੇ ਵੱਡੇ ਪ੍ਰਣਾਲੀਆਂ ਲਈ ਯੋਗ - ਛੱਤਾਂ, ਖੇਤਾਂ, ਉਦਯੋਗਾਂ ਅਤੇ ਵੱਡੇ ਸੋਲਰ ਪਾਰਕਾਂ ਵਿੱਚ ਲਗ ਸਕਦੀ ਹੈ। ਬਿਜਲੀ ਦੇ ਬਿਲ ਘਟਾਉਂਦੀ ਹੈ - ਘਰੇਲੂ ਖਪਤਕਾਰਾਂ ਦੇ ਬਿਜਲੀ ਖਰਚੇ ਘਟ ਸਕਦੇ ਹਨ। ਘੱਟ ਰਖ-ਰਖਾਵ - ਆਮ ਤੌਰ 'ਤੇ ਸਿਰਫ਼ ਸਫਾਈ ਅਤੇ ਕਦੇ-ਕਦੇ ਜਾਂਚ ਦੀ ਲੋੜ ਹੁੰਦੀ ਹੈ। **ਸੂਰਜੀ ਊਰਜਾ ਦੀਆਂ ਕਮੀਆਂ**-ਫਾਇਦਿਆਂ ਦੇ ਬਾਵਜੂਦ ਕੁਝ ਸੀਮਾਵਾਂ ਵੀ ਹਨ। ਸੂਰਜ ਦੀ ਰੌਸ਼ਨੀ 'ਤੇ ਨਿਰਭਰਤਾ - ਬੱਦਲਾਂ ਵਾਲੇ ਮੌਸਮ, ਰਾਤ ਜਾਂ ਸਰਦੀ ਵਿੱਚ ਉਤਪਾਦਨ ਘਟ ਜਾਂਦਾ ਹੈ।

ਊਰਜਾ ਸਟੋਰੇਜ ਦੀ ਸਮੱਸਿਆ - ਲਗਾਤਾਰ ਬਿਜਲੀ ਲਈ ਬੈਟਰੀਆਂ ਦੀ ਲੋੜ ਪੈਂਦੀ ਹੈ ਜੋ ਮਹਿੰਗੀਆਂ ਹੁੰਦੀਆਂ ਹਨ।

ਜ਼ਮੀਨ ਦੀ ਲੋੜ - ਵੱਡੇ ਸੋਲਰ ਪਾਰਕਾਂ ਲਈ ਕਾਫ਼ੀ ਜ਼ਮੀਨ ਦੀ ਲੋੜ ਹੁੰਦੀ ਹੈ।

ਸ਼ੁਰੂਆਤੀ ਲਾਗਤ ਉੱਚੀ - ਪੈਨਲ, ਇਨਵਰਟਰ ਅਤੇ ਸਥਾਪਨਾ ਮਹਿੰਗੀ ਹੋ ਸਕਦੀ ਹੈ।

ਸੀਮਿਤ ਕੁਸ਼ਲਤਾ - ਮੌਜੂਦਾ ਪੈਨਲ ਸਿਰਫ਼ ਲਗਭਗ 15-25% ਸੂਰਜੀ ਰੌਸ਼ਨੀ ਨੂੰ ਹੀ ਬਿਜਲੀ ਵਿੱਚ ਬਦਲ ਸਕਦੇ ਹਨ।

ਸੂਰਜੀ ਊਰਜਾ ਮਹਿੰਗੀ ਕਿਉਂ ਹੁੰਦੀ ਹੈ?

ਸੂਰਜੀ ਊਰਜਾ ਲੰਬੇ ਸਮੇਂ ਵਿੱਚ ਸਸਤੀ ਹੋ ਸਕਦੀ ਹੈ, ਪਰ ਸ਼ੁਰੂਆਤੀ ਖਰਚਾ ਕਈ ਕਾਰਨਾਂ ਕਰਕੇ ਵੱਧ ਹੁੰਦਾ ਹੈ।

**ਨਿਰਮਾਣ ਖਰਚੇ**-ਸੋਲਰ ਪੈਨਲ ਬਣਾਉਣ ਲਈ ਸਿਲੀਕਾਨ, ਕੱਚ ਅਤੇ ਵਿਸ਼ੇਸ਼ ਇਲੈਕਟ੍ਰਾਨਿਕ ਹਿੱਸਿਆਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਦੀ ਉਤਪਾਦਨ ਪ੍ਰਕਿਰਿਆ ਮਹਿੰਗੀ ਹੁੰਦੀ ਹੈ।

**ਸਥਾਪਨਾ ਢਾਂਚਾ**-ਪੈਨਲਾਂ ਦੇ ਨਾਲ ਮਾਊਂਟਿੰਗ ਸਟ੍ਰਕਚਰ, ਇਨਵਰਟਰ, ਤਾਰਾਂ ਅਤੇ ਕਈ ਵਾਰ ਬੈਟਰੀ ਸਿਸਟਮ ਵੀ ਲੱਗਦੇ ਹਨ।

**ਊਰਜਾ ਸਟੋਰੇਜ ਸਿਸਟਮ**-ਸੋਲਰ ਬੈਟਰੀਆਂ ਮਹਿੰਗੀਆਂ ਹੁੰਦੀਆਂ ਹਨ ਅਤੇ ਕੁਝ ਸਾਲਾਂ ਬਾਅਦ ਬਦਲਣ ਦੀ ਲੋੜ ਪੈਂਦੀ ਹੈ।

**ਖੋਜ ਅਤੇ ਵਿਕਾਸ**-ਨਵੀਂ ਤਕਨਾਲੋਜੀ ਅਤੇ ਵਧੀਆ ਕੁਸ਼ਲਤਾ ਲਈ ਖੋਜ 'ਤੇ ਵੱਡਾ ਖਰਚਾ ਹੁੰਦਾ ਹੈ।

ਹਾਲਾਂਕਿ ਤਕਨੀਕੀ ਤਰੱਕੀ ਅਤੇ ਵੱਡੇ ਪੱਧਰ 'ਤੇ ਉਤਪਾਦਨ ਨਾਲ ਸੂਰਜੀ ਬਿਜਲੀ ਦੀ ਕੀਮਤ ਲਗਾਤਾਰ ਘਟ ਰਹੀ ਹੈ।

ਕੀ ਸੂਰਜੀ ਊਰਜਾ ਪ੍ਰਦੂਸ਼ਣ ਦਾ ਕਾਰਨ ਬਣ ਸਕਦੀ ਹੈ?

ਸੂਰਜੀ ਊਰਜਾ ਆਮ ਤੌਰ 'ਤੇ ਸਾਫ਼ ਮੰਨੀ ਜਾਂਦੀ ਹੈ, ਪਰ ਇਸਦੇ ਜੀਵਨ ਚੱਕਰ ਦੇ ਕੁਝ ਪੜਾਅ ਵਾਤਾਵਰਣ 'ਤੇ ਪ੍ਰਭਾਵ ਪਾ ਸਕਦੇ ਹਨ।

**ਨਿਰਮਾਣ ਦੌਰਾਨ ਪ੍ਰਦੂਸ਼ਣ**-ਸੋਲਰ ਪੈਨਲ ਬਣਾਉਣ ਦੀ ਉਦਯੋਗਿਕ ਪ੍ਰਕਿਰਿਆ ਦੌਰਾਨ ਕੁਝ ਰਸਾਇਣਕ ਕੂੜਾ ਪੈਦਾ ਹੋ ਸਕਦਾ ਹੈ। **ਕੱਚੇ ਮਾਲ ਦੀ ਖਨਣ**-ਸਿਲੀਕਾਨ, ਚਾਂਦੀ ਅਤੇ ਹੋਰ ਧਾਤਾਂ ਦੀ ਖਨਣ ਨਾਲ ਵਾਤਾਵਰਣ ਨੂੰ ਨੁਕਸਾਨ ਹੋ ਸਕਦਾ ਹੈ। **ਸੋਲਰ ਪੈਨਲ ਕੂੜਾ** -20-30 ਸਾਲਾਂ ਬਾਅਦ ਪੈਨਲਾਂ ਨੂੰ ਨਸ਼ਟ ਕਰਨ ਨਾਲ ਇਲੈਕਟ੍ਰਾਨਿਕ ਕੂੜਾ ਪੈਦਾ ਹੋ ਸਕਦਾ ਹੈ।

ਜ਼ਮੀਨ ਦੀ ਵਰਤੋਂ ਵਿੱਚ ਬਦਲਾਅ

ਵੱਡੇ ਸੋਲਰ ਫਾਰਮ ਕੁਦਰਤੀ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਫਿਰ ਵੀ, ਕੁੱਲ ਮਿਲਾ ਕੇ ਸੂਰਜੀ ਊਰਜਾ ਦਾ ਵਾਤਾਵਰਣ 'ਤੇ ਪ੍ਰਭਾਵ ਫ਼ੌਸਿਲ ਇੰਧਨਾਂ ਨਾਲੋਂ ਕਾਫ਼ੀ ਘੱਟ ਹੈ। **ਸੂਰਜੀ ਊਰਜਾ ਦਾ ਭਵਿੱਖ**-ਤਕਨੀਕੀ ਤਰੱਕੀ ਨਾਲ ਸੂਰਜੀ ਊਰਜਾ ਦਾ ਭਵਿੱਖ ਬਹੁਤ ਉਜਲਾ ਦਿਸਦਾ ਹੈ। **ਵਧੀਆ ਕੁਸ਼ਲਤਾ ਵਾਲੇ ਪੈਨਲ**-ਵਿਗਿਆਨੀ ਪਰੋਵਸਕਾਈਟ ਸੋਲਰ ਸੈੱਲਾਂ ਵਰਗੀਆਂ ਨਵੀਂ ਤਕਨੀਕਾਂ 'ਤੇ ਕੰਮ ਕਰ ਰਹੇ ਹਨ ਜੋ ਬਿਜਲੀ ਉਤਪਾਦਨ ਦੀ ਕੁਸ਼ਲਤਾ ਵਧਾ ਸਕਦੀਆਂ ਹਨ। ਵਧੀਆ ਊਰਜਾ ਸਟੋਰੇਜ ਨਵੀਆਂ ਬੈਟਰੀ ਤਕਨੀਕਾਂ ਅਤੇ ਵੱਡੇ ਪੱਧਰ ਦੀ ਸਟੋਰੇਜ ਪ੍ਰਣਾਲੀਆਂ ਵਿਕਸਤ ਹੋ ਰਹੀਆਂ ਹਨ। **ਸਮਾਰਟ ਗ੍ਰਿਡ ਨਾਲ ਜੋੜ**-ਭਵਿੱਖ ਵਿੱਚ ਸੂਰਜੀ ਊਰਜਾ ਸਮਾਰਟ ਗ੍ਰਿਡ ਸਿਸਟਮਾਂ ਦਾ ਮਹੱਤਵਪੂਰਨ ਹਿੱਸਾ ਬਣੇਗੀ। **ਸੂਰਜੀ ਊਰਜਾ ਵਾਲਾ ਬੁਨਿਆਦੀ ਢਾਂਚਾ**-ਭਵਿੱਖ ਵਿੱਚ ਸੋਲਰ ਇਮਾਰਤਾਂ, ਸੜਕਾਂ, ਵਾਹਨਾਂ ਅਤੇ ਪੋਰਟੇਬਲ ਊਰਜਾ ਪ੍ਰਣਾਲੀਆਂ ਵਿਕਸਤ ਹੋ ਸਕਦੀਆਂ ਹਨ। **ਸਰਕਾਰੀ ਨੀਤੀਆਂ ਅਤੇ ਸਹਾਇਤਾ**-ਕਈ ਸਰਕਾਰਾਂ ਸਬਸਿਡੀ, ਪ੍ਰੋਤਸਾਹਨ ਅਤੇ ਨਵੀਨੀਕਰਨਯੋਗ ਊਰਜਾ ਟੀਚਿਆਂ ਰਾਹੀਂ ਸੂਰਜੀ ਊਰਜਾ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਸੂਰਜੀ ਊਰਜਾ ਮਨੁੱਖਤਾ ਦੀ ਵੱਧ ਰਹੀ ਊਰਜਾ ਦੀ ਲੋੜ ਦਾ ਇੱਕ ਮਹੱਤਵਪੂਰਨ ਹੱਲ ਹੈ। ਇਹ ਨਵਿਆਉਣਯੋਗ, ਵਾਤਾਵਰਣ-ਮਿੱਤਰ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਟਿਕਾਊ ਊਰਜਾ ਮੁਹੱਈਆ ਕਰਨ ਦੀ ਸਮਰੱਥਾ ਰੱਖਦੀ ਹੈ। ਹਾਲਾਂਕਿ ਉੱਚੀ ਸ਼ੁਰੂਆਤੀ ਲਾਗਤ, ਸਟੋਰੇਜ ਦੀਆਂ ਸੀਮਾਵਾਂ ਅਤੇ ਨਿਰਮਾਣ ਨਾਲ ਜੁੜੇ ਕੁਝ ਪ੍ਰਭਾਵ ਅਜੇ ਵੀ ਮੌਜੂਦ ਹਨ, ਪਰ ਲਗਾਤਾਰ ਤਕਨੀਕੀ ਤਰੱਕੀ ਨਾਲ ਇਹ ਚੁਣੌਤੀਆਂ ਹੌਲੀ-ਹੌਲੀ ਦੂਰ ਹੋ ਰਹੀਆਂ ਹਨ। ਭਵਿੱਖ ਵਿੱਚ ਸੂਰਜੀ ਊਰਜਾ ਸੰਸਾਰ ਨੂੰ ਸਾਫ਼, ਸੁਰੱਖਿਅਤ ਅਤੇ ਟਿਕਾਊ ਊਰਜਾ ਪ੍ਰਣਾਲੀ ਵੱਲ ਲੈ ਜਾਣ ਵਿੱਚ ਕੇਂਦਰੀ ਭੂਮਿਕਾ ਨਿਭਾਏਗੀ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**




★ ਜਾਰੀ ਕਰਤਾ ★

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243